MORTGAGE EXPERT
ਮੋਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
- Residential Mortgage
- Construction Mortgage
- Commercial Loan
- Private Loan
SATNAM SAROYA
MORTGAGE SPECIALIST
HOMEKEY MORTGAGES INC.
604.760.9172
# 384-8148 128 St., Surrey
6303 Fraser St., Vancouver

ਕੈਨੇਡਾ
# ਪੰਜਾਬ ਲਿੰਕ
WEEKLY NEWSPAPER VOL. : 11 ISSUE : 24 SATURDAY, 17 JUNE, 2023
www.punjablinkpaper.com 604-503-5465

Super Visa Insurance
ਅਸੀਂ ਘਰਾਂ ਅਤੇ ਕਾਰਾਂ ਦੀ ਇੰਸ਼ੋਰੈਂਸ ਵੀ ਕਰਦੇ ਹਾਂ।
ਸੁਪਰ ਵੀਜ਼ਾ
ਵਿਜ਼ਟਰ ਇੰਸ਼ੋਰੈਂਸ
- ਲਾਇਫ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- RESP,RRSP's
- ਮੋਰਟਗੇਜ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
ਜਸਵੀਰ ਗਰੇਵਾਲ
778.317.6262
jasvirgrewal0596@gmail.com

# ਫੈਡਰਲ ਸਰਕਾਰ ਨੇ ਜਾਅਲੀ ਸਵੀਕ੍ਰਿਤੀ ਪੱਤਰਾਂ ਨਾਲ ਧੋਖੇ ਦਾ ਸ਼ਿਕਾਰ ਹੋਏ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦੇਸ਼ ਨਿਕਾਲੇ ਹੁਕਮ ਨੂੰ ਰੋਕਿਆ

ਓਟਵਾ-ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ ਨੇ ਐਲਾਨ ਕੀਤਾ ਕਿ ਫੈਡਰਲ ਸਰਕਾਰ ਦਰਜਨਾਂ ਭਾਰਤੀ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦੇਸ਼ ਨਿਕਾਲੇ ਦੇ ਹੁਕਮਾਂ ਨੂੰ ਰੋਕ ਰਹੀ ਹੈ ਜਿਨ੍ਹਾਂ ਨਾਲ ਕੰਸਲਟੈਂਟਾਂ ਨੇ ਕੈਨੇਡੀਅਨ ਪੋਸਟ ਸੈਕੰਡਰੀ ਸੰਸਥਾਵਾਂ ਦੇ ਜਾਅਲੀ ਸਵੀਕ੍ਰਿਤੀ ਪੱਤਰਾਂ ਨਾਲ ਧੋਖਾ ਕੀਤਾ ਸੀ ਜਦਕਿ ਟਾਸਕ ਫੋਰਸ ਹਰੇਕ ਵਿਅਕਤੀਗਤ ਮਾਮਲੇ ਦੀ ਜਾਂਚ ਕਰ ਰਹੀ ਹੈ। ਫਰੇਜ਼ਰ ਨੇ ਇਕ ਪ੍ਰੈਸ ਕਾਨਫਰੰਸ ਵਿਚ ਕਿਹਾ ਕਿ ਵਿਦਿਆਰਥੀ ਜਿਹੜੀ ਅਣਜਾਣੇ ਵਿਚ ਘੁਟਾਲੇ ਦੀ ਲਪੇਟ ਵਿਚ ਆ ਗਏ ਉਨ੍ਹਾਂ ਨੂੰ ਆਰਜ਼ੀ ਰੈਜ਼ੀਡੈਂਟ ਪਰਮਿਟ ਦਿੱਤਾ ਜਾਵੇਗਾ। ਟਾਸਕ ਫੋਰਸ ਇਸ ਗੱਲ ਦਾ ਪਤਾ ਲਗਾਵੇਗੀ ਕਿ ਕੀ ਵਿਅਕਤੀ ਸੱਚਮੁੱਚ ਧੋਖੇ ਦਾ ਸ਼ਿਕਾਰ ਹੋਏ ਸਨ ਜਾਂ ਕੀ ਉਨ੍ਹਾਂ ਨੂੰ ਪਤਾ ਸੀ ਕਿ ਦਾਖਲਾ ਪੱਤਰ ਜਾਅਲੀ ਹਨ ਜਾਂ ਨਹੀਂ। ਫਰੇਜ਼ਰ ਨੇ ਕਿਹਾ ਕਿ ਉਹ ਇਹ ਗੱਲ ਸਪਸ਼ਟ ਕਰਨਾ ਚਾਹੁੰਦੇ ਹਨ ਕਿ ਅੰਤਰਰਾਸ਼ਟਰੀ ਵਿਦਿਆਰਥੀ ਜਿਹੜੇ ਘੁਟਾਲੇ ਵਿਚ ਸ਼ਾਮਿਲ ਨਹੀਂ ਪਈ ਜਾਣਗੇ ਉਨ੍ਹਾਂ ਨੂੰ ਦੇਸ਼ ਨਿਕਾਲੇ ਦਾ ਸਾਹਮਣਾ ਨਹੀਂ ਕਰਨਾ ਪਵੇਗਾ। ਟਾਸਕ ਫੋਰਸ ਕਈ ਗੱਲਾਂ 'ਤੇ ਵਿਚਾਰ ਕਰੇਗੀ ਜਿਸ ਵਿਚ ਇਹ ਗੱਲਾਂ ਸ਼ਾਮਿਲ ਹਨ ਕਿ ਕੀ ਵਿਦਿਆਰਥੀਆਂ ਨੇ ਆਪਣੀ ਪੜ੍ਹਾਈ ਮੁਕੰਮਲ ਕੀਤੀ ਹੈ ਜਾਂ ਨਹੀਂ ਅਤੇ ਕੀ ਉਨ੍ਹਾਂ ਨੇ ਪੜ੍ਹਨ ਦੇ ਇਰਾਦੇ ਤੋਂ ਬਿਨ੍ਹਾਂ ਤੁਰੰਤ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਪ੍ਰਭਾਵਤ ਵਿਦਿਆਰਥੀ ਤੇ ਉਨ੍ਹਾਂ ਦੇ ਸਮਰਥਕ ਮਈ ਦੇ ਅਖੀਰ ਤੋਂ ਓਨਟਾਰੀਓ ਦੇ ਮਿਸੀਸਾਗਾ ਸ਼ਹਿਰ ਵਿਚ ਕੈਨੇਡੀਅਨ ਬਾਰਡਰ ਸਰਵਸਿਜ਼ ਏਜੰਸੀ ਦੇ ਬਾਹਰ ਦੇਸ਼ ਨਿਕਾਲੇ ਦੇ ਹੁਕਮਾਂ ਖਿਲਾਫ ਰੋਸ ਮੁਜ਼ਾਹਰਾ ਕਰ ਰਹੇ ਹਨ। ਉਨ੍ਹਾਂ ਨੇ




ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਜਾਂਚ ਕਰਨ ਵਿਚ ਨਾਕਾਮ ਰਹਿਣ ਲਈ ਕੈਨੇਡੀਅਨ ਇਮੀਗ੍ਰੇਸ਼ਨ ਪ੍ਰਣਾਲੀ ਦੀ ਆਲੋਚਨਾ ਕੀਤੀ ਜਿਹੜੇ ਅਣਜਾਣੇ ਵਿਚ ਜਾਅਲੀ ਦਸਤਾਵੇਜ਼ ਲੈ ਕੇ ਜਾ ਰਹੇ ਸਨ। ਕੁਝ ਰਿਪੋਰਟਾਂ ਕਹਿੰਦੀਆਂ ਹਨ ਕਿ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਦੀ ਗਿਣਤੀ 700 ਦੇ ਕਰੀਬ ਹੈ ਜਦਕਿ ਇਮੀਗ੍ਰੇਸ਼ਨ ਮੰਤਰੀ ਦਾ ਕਹਿਣਾ ਕਿ ਇਹ ਦਰਜਨਾਂ ਦੇ ਨੇੜੇ ਹੈ।

## ਵਿਦਿਆਰਥੀਆਂ ਲਈ ਰਾਹਤ

ਓਨਟਾਰੀਓ ਦੇ ਐਡਵੋਕੇਸੀ ਗਰੁੱਪ ਅੰਤਰਰਾਸ਼ਟਰੀ ਸਿੱਖ ਸਟੂਡੈਂਟਸ ਐਸੋਸੀਏਸ਼ਨ ਦੇ ਸੰਸਥਾਪਕ ਜਸਪ੍ਰੀਤ ਸਿੰਘ ਕਹਿੰਦੇ ਹਨ ਕਿ ਦੇਸ਼ ਨਿਕਾਲੇ ਦੇ ਹੁਕਮਾਂ ਨੂੰ ਰੋਕਣ ਦਾ ਐਲਾਨ ਨਾਲ ਵਿਦਿਆਰਥੀਆਂ ਨੂੰ ਰਾਤਾਂ ਜਾਗ ਕੇ ਕੱਟਣ ਤੋਂ ਰਾਹਤ ਮਿਲੀ ਹੈ ਪਰ ਪ੍ਰਦਰਸ਼ਨਕਾਰੀਆਂ ਨੂੰ ਅਜੇ ਵੀ ਚਿੰਤਾਵਾਂ ਸਤਾ ਰਹੀਆਂ ਹਨ ਕਿ ਇਸ ਤਰ੍ਹਾਂ ਦੀ ਰੋਕ ਆਰਜ਼ੀ ਹੈ ਅਤੇ ਇਸ ਗੱਲ ਦੀ ਸੰਭਾਵਨਾ ਹੈ ਕਿ ਟਾਸਕ ਫੋਰਸ ਪ੍ਰਭਾਵਤ ਵਿਦਿਆਰਥੀਆਂ ਲਈ ਇਕ ਵੱਖਰੇ ਸਿੱਟੇ 'ਤੇ ਨਹੀਂ ਪੁੱਜੇਗੀ। ਸਿੰਘ ਨੇ ਦੱਸਿਆ ਕਿ ਮੁਜ਼ਾਹਰੇ ਖਤਮ ਕੀਤੇ ਜਾਣ ਦੀ ਸੰਭਾਵਨਾ ਹੈ ਫਿਰ ਵੀ ਫ਼ੈਸਲਾ ਪ੍ਰਭਾਵਤ ਵਿਦਿਆਰਥੀਆਂ ਨਾਲ ਸਲਾਹ ਮਸ਼ਵਰਾ ਕਰਨ ਪਿੱਛੋਂ ਲਿਆ ਜਾਵੇਗਾ।

## ਕੌਣ ਕੌਣ ਗਏ ਧਰਨੇ 'ਤੇ

ਮਿਸੀਸਾਗਾ ਵਿਚ ਕੀਤੇ ਜਾ ਰਹੇ ਰੋਸ ਮੁਜ਼ਾਹਰੇ ਵਿਚ ਕੰਸਰਵੇਟਿਵ ਨੇਤਾ ਪਿਅਰੇ ਪੋਲੀਵਰੇ ਅਤੇ ਐਨਡੀਪੀ ਨੇਤਾ ਜਗਮੀਤ ਸਿੰਘ ਸਮੇਤ ਵਿਰੋਧੀ *(ਬਾਕੀ ਸਫ਼ਾ 8 'ਤੇ)*

For All Kind of Real Estate Needs
ਕਾਬਲੀਅਤ, ਤਜ਼ਰਬਾ ਅਤੇ ਸਮਝਦਾਰੀ... ਘਰ ਖਰੀਦਣ ਅਤੇ ਵੇਚਣ ਲਈ ਕਾਲ ਕਰੋ।
MANPREET DIDDEN
PERSONAL REAL ESTATE CORPORATION
Sutton WestCoast Realty
604-773-7870
Top 10% Realtor Of Fraser Valley Board
info@manpreetdidden.com
www.manpreetdidden.com

ਕੀ ਤੁਸੀਂ ਕਰਜ਼ੇ ਵਿਚ ਹੋ?
20 ਵਰਿਆਂ ਤੋਂ ਵੱਧ ਦਾ ਤਜਰਬਾ
ਮੁਫਤ ਸਲਾਹ
ਸ਼ਾਮ ਅਤੇ ਵੀਕਐਂਡ ਤੇ ਵੀ ਅਪੌਇੰਟਮੈਂਟ
ARVINDER S. KALSEY AVINEET S. KALSEY
- ਕੀ ਤੁਹਾਡਾ ਵਾਲ-ਵਾਲ ਕਰਜ਼ੇ ਵਿਚ ਡੁਬਿਆ ਹੋਇਆ ਹੈ?
- ਅਸੀ ਤੁਹਾਡਾ ਅੱਧੇ ਤੋਂ ਜਿਆਦਾ ਕਰਜ਼ਾ ਮੁਆਫ ਕਰਵਾ ਸਕਦੇ ਹਾਂ।
Business Solutions
& Credit counselling services
#205 - 12033 - 92A Ave, Surrey
#1A - 2497 Clearbrook Rd. Abbotsford
604-951-8984
www.bscc.ca

BALLOWAL MONEY EXCHANGE
6418-Claytonwood Gate, Surrey
ਇੰਡੀਆ ਨੂੰ ਪੈਸੇ ਭੇਜਣ ਜਾਂ ਮੰਗਵਾਉਣ ਲਈ ਅੱਜ ਹੀ ਫੋਨ ਕਰੋ:
5 Hour Service Available
Sher Singh Grewal
604-749-1955

A- CLASS FOREIGN EXCHANGE INC.
ਤੁਸੀਂ ਇੰਡੀਆਂ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ ਨੂੰ ਟ੍ਰਾਂਸਵਰਲਡ ਟਰੈਵਲ 'ਚ ਮਿਲੋ
604-825-2222
(Inside Transworld Travel)
#119-12888 - 80th Ave., Surrey PH: 604-598-2222
32088 Cedar Lane, Abbotsford PH: 604-615-2222

Keep Smiling Denture Clinic
- Complete Denture
- Implant Denture
- Partial Denture
Care Home Mobile Service | ਮੁਫ਼ਤ ਸਲਾਹ ਲਈ ਅੱਜ ਹੀ ਮਿਲੋ
ਕੀ ਤੁਹਾਡੇ ਹੇਠਲੇ ਜਾਂ ਉਪਰਲੇ ਦੰਦ ਢਿੱਲੇ ਹਨ ਜਾਂ ਹੱਡੀ ਘਸੀ ਹੋਈ ਹੈ?
ਤਾਂ ਸਾਨੂੰ Suction Denture ਬਾਰੇ ਜਾਣਣ ਲਈ ਮਿਲੋ
ਅਸੀਂ ਜਾਪਾਨੀ ਤਕਨੀਕ ਨਾਲ ਦੰਦਾਂ ਨੂੰ ਫਿਟ ਬਣਾਉਣ ਲਈ ਵੀ ਪ੍ਰਮਾਣਿਤ (CERTIFIED) ਹਾਂ।
SEMCD
Gagan Chahal R.D.
Registered Denturist
778-600-0811 13117-67A Ave, Surrey, BC
778-600-0810 2644 Cyril St Abbotsford BC

ਇੰਸ਼ੋਰੈਂਸ ਦੇ ਮਾਹਰ
AMAN INSURANCE
- ਲਾਇਫ ਇੰਸ਼ੋਰੈਂਸ
- ਸੁਪਰ ਵੀਜ਼ਾ ਇੰਸ਼ੋਰੈਂਸ
- ਮੋਰਟਗੇਜ ਇੰਸ਼ੋਰੈਂਸ
- ਡਿਸੇਬਿਲਟੀ ਇੰਸ਼ੋਰੈਂਸ
- ਵਿਜ਼ਟਰ ਇੰਸ਼ੋਰੈਂਸ
- ਟ੍ਰੈਵਲ ਇੰਸ਼ੋਰੈਂਸ
- ਕਰਿਟੀਕਲ ਇਲਨੈਸ ਇੰਸ਼ੋਰੈਂਸ
- ਮਨੀ ਬੈਕ ਟਰਮ ਇੰਸ਼ੋਰੈਂਸ
- ਡੈਂਟਲ ਅਤੇ ਮੈਡੀਕਲ ਇੰਸ਼ੋਰੈਂਸ
- ਨੋਨ ਮੈਡੀਕਲ ਇੰਸ਼ੋਰੈਂਸ
- RESP & RRSP's
ਅਮਨਦੀਪ ਦੁੱਗਲ
604-368-2030
604-375-0227
www.amaninsurance.ca

Punjab Insurance Inc
LIFE INSURANCE
ਸੀਨੀਅਰ ਨਾਗਰਿਕ ਆਪਣੀ $100000 ਦੀ ਲਾਈਫ ਇੰਸ਼ੋਰੈਂਸ ਲਈ ਕਾੱਲ ਕਰੋ
Harpreet Rana
416-871-3571
www.harpreetrana.com

TRANSource FREIGHTWAYS
Pin to Pin (ਯਾਰਡ ਤੋਂ ਯਾਰਡ)
ਕੰਮ ਲਈ Drivers and Owner Operators ਚਾਹੀਦੇ ਹਨ।
ਬੀ ਸੀ ਤੋਂ ਅਲਬਰਟਾ ਅਤੇ ਅਲਬਰਟਾ ਤੋਂ ਬੀ ਸੀ
BC - ALBERTA $1.10 PER MILES
Fuel and Insurance Paid by Company
NO DEDUCTIONS!!
ਓਨਰ ਓਪਰੇਟਰਾਂ ਨੂੰ ਲੋਕਲ ਅਤੇ ਹਾਈਵੇਅ ਰੂਟਾਂ ਵਾਸਤੇ ਹਾਇਰ ਕਰ ਰਹੀ ਹੈ
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
SUKHBIR SINGH:604-525-0527 Ext 112
ਸ਼ਨੀਵਾਰ: 604-808-9805
Email:safety@transourcefreightways.com

APNA DENTAL CENTRE
UNIT 306-A, 8035 120 STREET
DELTA, BC V4C 6P8
Dr. Pran Nath Vashisht
(Dentist)
TEL: 778-592-4400
apnadental.delta@gmail.com

ਪ੍ਰਦੇਸੀ Pardesi
SWEETS & RESTAURANT
Dine In - Take Out
ਤੁਸੀਂ ਸਾਡੇ ਸਟੋਰ ਤੋਂ ਹਰ ਤਰ੍ਹਾਂ ਦੀ ਮਠਿਆਈ ਲੈ ਸਕਦੇ ਹੋ
Veg & Non Veg Dishes
Samosa, Veg Pakora
Fish Pakora, Chicken Pakora
Sweets
604-591-1950 | #107 - 13588 - 88 Ave., Surrey

ਜ਼ੋਰਾਵਰ ਕੰਸਟਰਕਸ਼ਨ ਲਿਮ.
ਨਵੇਂ ਪੁਰਾਣੇ ਘਰਾਂ ਅਤੇ ਕਮਰਸ਼ੀਅਲ ਬਿਲਡਿੰਗਾਂ ਦੇ ਤਸੱਲੀਬਖਸ਼ ਡਰਾਈਵਾਲ ਕੰਮ ਲਈ ਸਰੀ ਦੀ ਪ੍ਰਸਿੱਧ ਜ਼ੋਰਾਵਰ ਕੰਸਟਰਕਸ਼ਨ ਕੰਪਨੀ ਦੀਆਂ ਸੇਵਾਵਾਂ ਲਉ
Lakhvir Singh Grewal: 778-881-0002


S|T &|A Simpson, Thomas and Associates
When you need strong legal representation
We lend a helping hand.
• Personal Injury
• ICBC Claims
• Family Law
• Immigration
• Employment Law
• Estate Litigation
• Insurance Denials
An injury or legal dispute can leave you feeling lost. As a team with over 50 years' experience, we sit and listen. Our team understands Canadian law and how it relates to your rights, whether that means injury and compensation or settling a family dispute.
BBB ACCREDITED BUSINESS
We have translators fluent in Hindi, Punjabi, and Gujarati.
Reach out for a legal consultation. We'll advise you on the next steps as caring and experienced legal advocates ready to work in your best interests and safeguard your rights.
604 229 6448
simpsonthomas.com
701-13761 96th Avenue, Surrey, BC V3V 0E8
Experienced lawyers for your legal needs.

ACCOUNTANT
axioaccounting.com
Personal & Corporate Tax Filing and other related services.
ਹਰ ਤਰਾਂ ਦੇ ਫਾਰਮ ਭਰਵਾਓ
#114-8028 128 St (Little India Plaza) Surrey, BC
AXiO Accounting + Tax
LAKHJIT S. SARANG
604-613-9100

PUNJAB LINK
ਪੰਜਾਬ ਲਿੰਕ
WEEKLY NEWSPAPER VOL. : 11 ISSUE : 24 SATURDAY, 17 JUNE, 2023
www.punjablinkpaper.com 604-503-5465

ਰੇਡੀਓ ਹੁਣ ਤੁਹਾਡੇ ਫੋਨ ਵਿੱਚ
Radio Punjab
24 HOUR ONLINE RADIO
ਤਿੰਨ ਰੰਗ
7pm to 10pm
B.C. Time Every Weekend
Amarjit Singh
Studio: 5775-176 St., Surrey BC V3S 4E1
Ph: 604-345-3510
www.radiopunjab.com

# ਗਿਆਨੀ ਰਘਬੀਰ ਸਿੰਘ ਅਕਾਲ ਤਖ਼ਤ ਸਾਹਿਬ ਦੇ ਨਵੇਂ ਜਥੇਦਾਰ ਨਿਯੁਕਤ

ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਵੱਲੋਂ ਅਕਾਲ ਤਖਤ ਦੇ ਜਥੇਦਾਰ ਨੂੰ ਬਦਲਦ ਲਈ ਇਥੇ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਸੱਦੀ ਸੀ। ਕਮੇਟੀ ਵੱਲੋਂ ਇਸ ਮਾਮਲੇ 'ਤੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ 72 ਘੰਟੇ ਦੇ ਨੋਟਿਸ 'ਤੇ ਸੱਦੀ ਗਈ। ਮੀਟਿੰਗ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਸੇਵਾਵਾਂ ਛੱਡਣ ਦੀ ਇੱਛਾ ਪ੍ਰਗਟਾਈ ਗਈ ਸੀ, ਜਿਸ ਤੋਂ ਬਾਅਦ ਅੰਤ੍ਰਿੰਗ ਕਮੇਟੀ ਨੇ ਗਿਆਨੀ ਰਘਬੀਰ ਸਿੰਘ ਨੂੰ ਅਕਾਲ ਤਖਤ ਦੇ ਜਥੇਦਾਰ ਵਜੋਂ ਨਿਯੁਕਤ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਦੱਸਿਆ ਕਿ ਗਿਆਨੀ ਹਰਪ੍ਰੀਤ ਸਿੰਘ ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਬਣੇ। ਇਸ ਦੌਰਾਨ ਗਿਆਨੀ ਰਘਬੀਰ ਸਿੰਘ ਨੂੰ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਦਾ ਵਾਧੂ ਚਾਰਜ ਵੀ ਸੌਂਪਿਆ ਗਿਆ ਹੈ। ਇਸ ਵੇਲੇ ਗਿਆਨੀ ਜਗਤਾਰ ਸਿੰਘ ਲੁਧਿਆਣਾ ਵਾਲੇ ਹਰਿਮੰਦਰ ਸਾਹਿਬ ਦੇ ਐਕਟਿੰਗ ਹੈੱਡ ਗ੍ਰੰਥੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਪਰ ਉਹ ਹੁਣ ਪਹਿਲਾਂ ਵਾਂਗ ਹੀ ਵਧੀਕ ਹੈੱਡ ਗ੍ਰੰਥੀ ਵਜੋਂ ਸੇਵਾਵਾਂ ਨਿਭਾਉਂਦੇ ਰਹਿਣਗੇ। ਸ੍ਰੀ ਧਾਮੀ ਨੇ ਦਾਅਵਾ ਕੀਤਾ ਕਿ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸਵੈਇੱਛਾ ਨਾਲ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਦੀਆਂ ਸੇਵਾਵਾਂ ਨੂੰ ਛੱਡਿਆ ਹੈ।



ਗਿਆਨੀ ਹਰਪ੍ਰੀਤ ਸਿੰਘ ਆਸਟਰੇਲੀਆ ਦੌਰੇ 'ਤੇ ਹਨ ਅਤੇ ਅੱਜ-ਕੱਲ੍ਹ ਵਿਚ ਵਾਪਸੀ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਇਸ ਸਬੰਧ ਵਿੱਚ ਗਿਆਨੀ ਹਰਪ੍ਰੀਤ ਸਿੰਘ ਨਾਲ ਨਾਲ ਗੱਲਬਾਤ ਹੋ ਚੁੱਕੀ ਹੈ। ਜ਼ਿਕਰਯੋਗ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਦੀ ਮੰਗਣੀ ਵਿੱਚ ਸ਼ਾਮਲ ਹੋਏ ਸਨ ਤੇ ਉਸ ਤੋਂ ਬਾਅਦ ਉਹ ਵਿਵਾਦ ਦੇ ਘੇਰੇ ਵਿੱਚ ਸਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਉਨ੍ਹਾਂ ਦੀ ਸ਼ਮੂਲੀਅਤ 'ਤੇ ਕਿੰਤੂ-ਪ੍ਰੰਤੂ ਕੀਤਾ ਗਿਆ ਸੀ ।ਸ੍ਰੀ ਅਨੰਦਪੁਰ ਸਾਹਿਬ-ਗਿਆਨੀ ਹਰਪ੍ਰੀਤ ਸਿੰਘ ਵੱਲੋਂ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਦਾ ਅਹੁਦਾ ਛੱਡਣ ਤੋਂ ਬਾਅਦ ਹੁਣ ਗਿਆਨੀ ਰਘਬੀਰ ਸਿੰਘ ਨਵੇਂ ਜਥੇਦਾਰ ਹੋਣਗੇ। ਗਿਆਨੀ ਹਰਪ੍ਰੀਤ ਸਿੰਘ ਤਖ਼ਤ ਦਮਦਮਾ ਸਾਹਿਬ ਦੇ ਜਥੇਦਾਰ ਬਰਕਰਾਰ ਰਹਿਣਗੇ। ਜਥੇਦਾਰ ਰਘਬੀਰ ਸਿੰਘ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਨ ਤੇ ਉਨ੍ਹਾਂ ਦੀ ਥਾਂ ਹੁਣ ਗਿਆਨੀ ਸੁਲਤਾਨ ਸਿੰਘ ਕੇਸਗੜ੍ਹ ਸਾਹਿਬ ਦੇ ਨਵੇਂ ਜਥੇਦਾਰ ਹੋਣਗੇ। ਗਿਆਨੀ ਰਘਬੀਰ ਸਿੰਘ ਨੇ ਤਖ਼ਤ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਮੱਲ ਸਿੰਘ ਦਾ 2017 'ਚ ਦੇਹਾਂਤ ਹੋਣ ਤੋਂ ਬਾਅਦ ਅਗਸਤ 2017 'ਚ ਬਤੌਰ ਕਾਰਜਕਾਰੀ ਜਥੇਦਾਰ ਤਖ਼ਤ ਕੇਸਗੜ੍ਹ ਸਾਹਿਬ ਦੀ ਸੇਵਾ ਸੰਭਾਲੀ ਸੀ। ਉਨ੍ਹਾਂ ਦਾ ਜਨਮ *(ਬਾਕੀ ਸਫ਼ਾ 8 'ਤੇ)*

## ਗਿਆਨੀ ਹਰਪ੍ਰੀਤ ਸਿੰਘ ਨੇ ਜਥੇਦਾਰੀ ਛੱਡਣ ਦੀ ਇੱਛਾ ਪ੍ਰਗਟਾਈ ਸੀ-ਧਾਮੀ

ਅੰਮ੍ਰਿਤਸਰ-ਸ਼੍ਰੋਮਣੀ ਕਮੇਟੀ ਵੱਲੋਂ ਅਕਾਲ ਤਖਤ ਦੇ ਜਥੇਦਾਰ ਨੂੰ ਬਦਲਦ ਲਈ ਇਥੇ ਅੰਤ੍ਰਿੰਗ ਕਮੇਟੀ ਦੀ ਹੰਗਾਮੀ ਮੀਟਿੰਗ ਸੱਦੀ ਸੀ। ਕਮੇਟੀ ਵੱਲੋਂ ਇਸ ਮਾਮਲੇ 'ਤੇ ਅੰਤ੍ਰਿੰਗ ਕਮੇਟੀ ਦੀ ਮੀਟਿੰਗ 72 ਘੰਟੇ ਦੇ ਨੋਟਿਸ 'ਤੇ ਸੱਦੀ ਗਈ। ਮੀਟਿੰਗ ਸ਼੍ਰੋਮਣੀ ਕਮੇਟੀ ਦੇ ਮੁੱਖ ਦਫ਼ਤਰ ਵਿਖੇ ਹੋਈ ਹੈ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਅਕਾਲ ਤਖ਼ਤ ਦੇ ਕਾਰਜਕਾਰੀ ਜਥੇਦਾਰ ਵਜੋਂ ਸੇਵਾਵਾਂ ਛੱਡਣ ਦੀ ਇੱਛਾ ਪ੍ਰਗਟਾਈ ਗਈ ਸੀ, ਜਿਸ ਤੋਂ ਬਾਅਦ ਅੰਤ੍ਰਿੰਗ ਕਮੇਟੀ ਨੇ ਗਿਆਨੀ ਰਘਬੀਰ ਸਿੰਘ ਨੂੰ ਅਕਾਲ ਤਖਤ ਦੇ ਜਥੇਦਾਰ ਵਜੋਂ ਨਿਯੁਕਤ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਦੱਸਿਆ ਕਿ ਗਿਆਨੀ ਹਰਪ੍ਰੀਤ ਸਿੰਘ ਤਖ਼ਤ ਦਮਦਮਾ ਸਾਹਿਬ ਤਲਵੰਡੀ ਸਾਬੋ ਦੇ ਜਥੇਦਾਰ ਬਣੇ। ਇਸ ਦੌਰਾਨ ਗਿਆਨੀ ਰਘਬੀਰ ਸਿੰਘ ਨੂੰ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਦਾ ਵਾਧੂ ਚਾਰਜ ਵੀ ਸੌਂਪਿਆ ਗਿਆ ਹੈ। ਇਸ ਵੇਲੇ ਗਿਆਨੀ ਜਗਤਾਰ ਸਿੰਘ ਲੁਧਿਆਣਾ ਵਾਲੇ *(ਬਾਕੀ ਸਫ਼ਾ 8 'ਤੇ)*



GOLDMINE INSURANCE
A MEMBER OF ALL CANADIAN INSURANCE
Home, Business, Auto ICBC autoplan
Prorate, Cargo, Life, Disability
Critical, Travel Visitor & Medical
ਹਰ ਤਰ੍ਹਾਂ ਦੀ ਇੰਸ਼ੋਰੈਂਸ ਲਈ ਸੰਪਰਕ ਕਰੋ
MALKIT (MIKE) JHAND
B.Sc, L.L.B
Managing Director
604-537-2000
Email: malkit@goldmineinsurance.ca

ਫਾਸਟ ਡਰਾਈਵਾਲ
Complete Drywall Services
ਵਰਕਰਾਂ ਦੀ ਜ਼ਰੂਰਤ
ਸਾਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜ਼ਰੂਰਤ ਹੈ। ਤਜਰਬੇ ਦੇ ਅਧਾਰ ਤੇ ਤਨਖਾਹ $20 ਤੋਂ $25 ਦਿੱਤੀ ਜਾਵੇਗੀ। ਲਗਾਤਾਰ ਇਕ ਸਾਲ ਕੰਮ ਕਰਨ ਵਾਲਿਆਂ ਨੂੰ ਵਿਸ਼ੇਸ਼ ਸਹੂਲਤ। ਨਵੇਂ ਆਏ ਸਟੂਡੈਂਟਸ ਨੂੰ ਕੰਮ ਸਿਖਾ ਕੇ ਪੱਕੇ ਹੋਣ ਵਿਚ ਮਦਦ ਕਰਦੇ ਹਾਂ। ਸਰੀ, ਡੈਲਟਾ, ਵੈਨਕੂਵਰ ਤੋਂ ਰਾਇਡ ਦਾ ਪ੍ਰਬੰਧ
ਹੋਰ ਜਾਣਕਾਰੀ ਲਈ ਸੰਪਰਕ ਕਰੋ
ਸਾਹਿਬ ਸਿੰਘ
778-863-9000

WE NOW OFFER OVER 40 PROGRAMS
StudentAidBC
EDUCATION ASSISTANT $8000 — WAGES:$24-$28 PER HOUR
HEALTH CARE ASSISTANT $5250 — WAGES:$17-$26.50 PER HOUR
PHARMACY ASSISTANT $5500 — WAGES:$19.61-$27.30 PER HOUR
CERTIFIED DENTAL ASSISTANT $14,000 — WAGES:$26-$30 PER HOUR
ONLINE CLASSES AVAILABLE FOR ALL PROGRAMS
WESTERN COMMUNITY COLLEGE
INSTALLMENT-BASED, LOW TUITION FEE
100% PRACTICUM PLACEMENT
FREE CLB PREPARATION* *SOME CONDITIONS APPLY
FULL/PART TIME & EVENING CLASSES AVAILABLE
FINANCIAL AID AVAILABLE : BC STUDENT LOAN & WCC FINANCING
www.westerncommunitycollege.ca
info@westerncommunitycollege.ca
604.594.3500
Surrey — Unit 201-8318 120 St.
Abbotsford — Unit 201-3670 Townline Rd.
South Surrey — Unit 204-15850 24 Ave

Canadian Surrey Veggie pizza
100% ਵੈਜ਼ੀ ਅਦਰਕ ਧਨੀਏ ਵਾਲਾ ਕਰਾਰਾ ਪੀਜ਼ਾ
THINK VEGGIE
Surrey Punjabi Style Pizza
ਅਸੀਂ 2 ਕਿਲੋਮੀਟਰ ਦੇ ਅੰਦਰ ਡਿਲਵਰੀ ਵੀ ਕਰਦੇ ਹਾਂ
Time: 11am to 11pm
604-593-1110
#106 - 8077 King George Blvd, Surrey

HARVEER ACCOUNTING SERVICES
ਅਸੀਂ ਹਰ ਤਰ੍ਹਾਂ ਦੀਆਂ ਟੈਕਸ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਪ੍ਰਦਾਨ ਕਰਦੇ ਹਾਂ
ਅਸੀਂ ਟੈਕਸ ਭਰਨ ਦੇ $30 ਲੇਂਦੇ ਹਾਂ
Baljinder K. Sandhu
778-847-2800
6522 - 141B St., Surrey
harveerservices@gmail.com

So Easy ਲਰਨਿੰਗ ਲਾਇਸੈਂਸ
(ਦੀ ਤਿਆਰੀ ਕੰਪਿਊਟਰ ਨਾਲ ਕਰਵਾਂਉਦੇ ਹਾਂ)
604.614.5365
#15-8388-128 St., Surrey
(ਗਰੈਂਡ ਤਾਜ ਬੈਂਕੁਇਟ ਹਾਲ ਦੇ ਪਿਛਲੇ ਪਾਸੇ)
• ਕਾਰ • ਟਰੱਕ
• ਆਟੋਮੈਟਿਕ ਟਰੱਕ
• ਮੋਟਰਸਾਇਕਲ
• ਟੈਕਸੀ ਜਾਂ ਏਅਰ ਬਰੇਕ
ਅਸੀਂ ਕੰਪਿਊਟਰ ਤੇ ਆਪ ਟੈਸਟ ਲੈਂਦੇ ਹਾਂ
ਅਸੀਂ ਸਿਟੀਜ਼ਨਸ਼ਿਪ ਟੈਸਟ ਦੀ ਤਿਆਰੀ ਵੀ ਕੰਪਿਊਟਰ ਨਾਲ ਕਰਵਾਉਂਦੇ ਹਾਂ
ਲਾਇਸੈਂਸ ਲੈਣ ਲਈ ਸੰਪਰਕ ਕਰੋ

NOTARY PUBLIC
AANCHAL GHAI
604-503-2227
ਪ੍ਰਾਪਰਟੀ ਖਰੀਦ ਅਤੇ ਵੇਚਣ ਸਬੰਧੀ ਆਉਂਦੀ ਕਿਸੇ ਵੀ ਮੁਸ਼ਕਿਲ ਦੇ ਹੱਲ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ।
• Property Purchase Sales/Mortgage
• Power of Attorney
• Wills • Affidavits
• Visitation Letters
• Statutory Declarations
BC Notaries
Payal Business Centre 80 ਐਵਨਿਊ ਵਾਲੇ ਪਾਸੇ
www.ghainotary.ca
#151-12899 80th Ave, Surrey
Email: aanchal@ghainotary.ca

# ਮਨੀਟੋਬਾ ਸਰਕਾਰ ਅਕਤੂਬਰ ਵਿਚ ਹੋਣ ਵਾਲੀਆਂ ਸੂਬਾ ਚੋਣਾਂ ਲਈ ਹੋਰ ਇਸ਼ਤਿਹਾਰਬਾਜ਼ੀ ਕਰੇਗੀ

ਵਿਨੀਪੈਗ-ਮਨੀਟੋਬਾ ਸਰਕਾਰ 3 ਅਕਤੂਬਰ ਨੂੰ ਹੋਣ ਵਾਲੀਆਂ ਸੂਬਾ ਚੋਣ ਲਈ ਹੋਰ ਇਸ਼ਤਿਹਾਰਬਾਜ਼ੀ ਕਰ ਰਹੀ ਹੈ ਅਤੇ ਸੂਬਾ ਕਾਨੂੰਨ ਵਿਚ ਕੀਤੀਆਂ ਤਾਜ਼ਾ ਤਬਦੀਲੀਆਂ ਤਹਿਤ ਸਰਕਾਰ ਨੂੰ ਅਜਿਹਾ ਕਰਨ ਲਈ ਵਧੇਰੇ ਛੋਟ ਪ੍ਰਾਪਤ ਹੈ। ਪ੍ਰੋਗਰੈਸਿਵ ਕੰਸਰਵੇਟਿਵ ਸਰਕਾਰ ਨੇ ਚਾਈਲਡ ਕੇਅਰ ਲਈ ਪ੍ਰਤੀ ਦਿਨ 10 ਡਾਲਰ ਦੇਣ ਸਬੰਧੀ ਫੈਡਰਲ ਸਰਕਾਰ ਨਾਲ ਕੀਤੇ ਤਾਜ਼ਾ ਸਮਝੌਤੇ ਦੇ ਪ੍ਰਚਾਰ ਲਈ ਇਸ਼ਤਿਹਾਰਬਾਜ਼ੀ ਦੇ ਤਾਜ਼ਾ ਪੜਾਅ ਲਈ 375000 ਡਾਲਰ ਦਾ ਬਜਟ ਰੱਖਿਆ ਹੈ। ਅਗਲਾ ਪੜਾਅ ਜੁਲਾਈ ਵਿਚ ਚਲਾਇਆ ਜਾਵੇਗਾ ਅਤੇ ਇਸ ਤੋਂ ਪਹਿਲਾਂ ਸਰਦੀਆਂ ਤੇ ਬਸੰਤ ਰੁੱਤ ਦੇ ਪੜਾਵਾਂ ਲਈ 5 ਲੱਖ ਡਾਲਰ ਰੱਖੇ ਗਏ ਸਨ। ਸਰਕਾਰ ਨੇ ਕਾਰਬਨ ਟੈਕਸ ਰਾਹਤ ਚੈੱਕ ਜਿਹੜੇ ਇਸ ਸਾਲ ਦੇ ਸ਼ੁਰੂ ਵਿਚ ਭੇਜੇ ਗਏ ਸਨ ਦੀ ਇਸ਼ਤਿਹਾਰਬਾਜ਼ੀ ਲਈ 131000 ਡਾਲਰ ਰੱਖੇ ਸਨ ਅਤੇ ਇਸ਼ਤਿਹਾਰਬਾਜ਼ੀ ਲਈ ਮਾਰਚ ਮਹੀਨੇ ਆਪਣੇ ਸਾਲਾਨਾ ਬਜਟ ਵਿਚ 219000 ਡਾਲਰ ਰੱਖੇ ਗਏ ਸਨ।










# ਨੌਜਵਾਨਾਂ ਦੇ ਰਹਿਣ ਤੇ ਕੰਮ ਕਰਨ ਲਈ ਟੋਰਾਂਟੋ ਤੇ ਵੈਨਕੂਵਰ ਨੂੰ ਚੋਟੀ ਦੇ ਸ਼ਹਿਰਾਂ ਦਾ ਦਰਜਾ

ਓਟਵਾ-ਤਿੰਨ ਚੋਟੀ ਦੇ ਸ਼ਹਿਰਾਂ ਵਿਚੋਂ ਦੋ ਨੌਜਵਾਨ ਲੋਕਾਂ ਦੇ ਰਹਿਣ ਅਤੇ ਕੰਮ ਕਰਨ ਲਈ ਇੰਨੇ ਮਹਿੰਗੇ ਹਨ ਕਿ ਉਥੇ ਔਸਤ ਘਰ ਦੀ ਕੀਮਤ 12 ਲੱਖ ਡਾਲਰ ਹੈ ਅਤੇ ਇਕ ਬੈੱਡਰੂਮ ਅਪਾਰਟਮੈਂਟ ਦਾ ਔਸਤ ਕਿਰਾਇਆ ਮਾਸਕ 2500 ਡਾਲਰ ਤੋਂ ਵੀ ਜ਼ਿਆਦਾ ਹੈ। 15 ਤੋਂ 29 ਸਾਲ ਉਮਰ ਦੇ ਨੌਜਵਾਨਾਂ ਲੋਕਾਂ ਨੂੰ ਜੀਵਨ ਦੀ ਗੁਣਵੱਤਾ ਤੇ ਰੋਜ਼ਗਾਰ ਮੁਹੱਈਆ ਕਰਨ ਵਾਲੇ 30 ਸ਼ਹਿਰਾਂ ਦੀ ਤਾਜ਼ਾ ਸੂਚੀ ਯੂਥਫੁੱਲ ਸਿਟੀਜ਼ ਅਰਬਨ ਵਰਕ ਇੰਡੈਕਸ ਵਿਚ ਟੋਰਾਂਟੋ ਨੂੰ ਪਹਿਲਾ ਤੇ ਵੈਨਕੂਵਰ ਨੂੰ ਤੀਸਰਾ ਸਥਾਨ ਮਿਲਿਆ ਹੈ। ਅਕਸਰ ਕਿਹਾ ਜਾਂਦਾ ਹੈ ਕਿ ਜਨਰੇਸ਼ਨ ਜ਼ੈੱਡਐਸ ਅਤੇ ਮਿਲੇਨੀਅਲਸ ਨੂੰ ਕਿਫਾਇਤ ਦੀ ਖਾਤਰ ਟੋਰਾਂਟੋ ਤੇ ਵੈਨਕੂਵਰ ਛੱਡ ਦੇਣਾ ਚਾਹੀਦਾ ਹੈ ਪਰ ਦਵਾਂ ਸ਼ਹਿਰਾਂ ਤੋਂ ਜਿੰਨਾ ਤੁਸੀਂ ਲਾਭ ਲੈ ਸਕੋਂ ਉਨਾ ਹੀ ਇਹ ਤੁਹਾਡੀ ਧਨ ਦੌਲਤ ਨੂੰ ਬਣਾਉਣ ਦਾ ਦਮ ਰੱਖਦੇ ਹਨ। ਨੌਜਵਾਨ ਲੋਕਾਂ ਨੂੰ ਦੂਰ ਕਿਉਂ ਜਾਣਾ ਚਾਹੀਦਾ ਹੈ। ਇੰਡੈਕਸ ਟੋਰਾਂਟੋ ਅਤੇ ਵੈਨਕੂਵਰ ਦੇ ਕਈ ਬਦਲ ਪੇਸ਼ ਕਰਦਾ ਹੈ ਜਿਨ੍ਹਾਂ ਵਿਚ ਦੂਸਰੇ ਦਰਜੇ ਵਾਲਾ ਸ਼ਹਿਰ ਮਾਂਟਰੀਅਲ ਅਤੇ ਚਾਰ ਤੋਂ ਛੇਵੇਂ ਦਰਜੇ ਵਾਲੇ ਚਾਰਲੋਟਟਾਊਨ. ਕਿਚਨਰ-ਵਾਟਰਲੂ ਅਤੇ ਓਟਵਾ-ਗੈਟੀਨਿਊ ਸ਼ਾਮਿਲ ਹਨ ਪਰ ਟੋਰਾਂਟੋ ਨੇ ਸਾਰਿਆਂ ਨੂੰ ਪਛਾੜ ਦਿੱਤਾ ਹੈ, ਇਥੋਂ ਤਕ ਜਿਨ੍ਹਾਂ ਲੋਕਾਂ ਨੇ ਸੂਚਕਾਂਕ ਨੂੰ ਇਕੱਠਾ ਕੀਤਾ ਉਨ੍ਹਾਂ ਨੇ ਕਿਫਾਇਤ ਦੇ ਮਾਮਲੇ ਵਿਚ ਇਸ ਨੂੰ ਸਭ ਤੋਂ ਆਖਰੀ ਥਾਂ 'ਤੇ ਰੱਖਿਆ ਹੈ।

# ਰੂਸ ਦੇ ਜੇਲ੍ਹ 'ਚ ਬੰਦ ਬਾਗੀ ਨੇਤਾ ਵਲਾਦੀਮੀਰ ਕਾਰਾ-ਮੁਰਜ਼ਾ ਨੂੰ ਕੈਨੇਡੀਅਨ ਪਾਰਲੀਮੈਂਟ ਵਲੋਂ ਆਨਰੇਰੀ ਨਾਗਰਿਕਤਾ



ਓਟਵਾ-ਕੈਨੇਡੀਅਨ ਪਾਰਲੀਮੈਂਟ ਜੇਲ੍ਹ ਵਿਚ ਬੰਦ ਰੂਸੀ ਵਿਰੋਧੀ ਧਿਰ ਦੇ ਨੇਤਾ ਵਲਾਦੀਮੀਰ ਕਾਰਾ-ਮੁਰਜ਼ਾ ਨੂੰ ਆਨਰੇਰੀ ਕੈਨੇਡੀਅਨ ਨਾਗਰਿਕਤਾ ਪ੍ਰਦਾਨ ਕਰ ਰਹੀ ਹੈ। ਪਿਛਲੇ ਵੀਰਵਾਰ ਹਾਊਸ ਆਫ ਕਾਮਨਜ਼ ਵਲੋਂ ਕਾਰਾ-ਮੁਰਜ਼ਾ ਨੂੰ ਆਨਰੇਰੀ ਨਾਗਰਿਕਤਾ ਪ੍ਰਦਾਨ ਕਰਨ ਲਈ ਵੋਟ ਦੇਣ ਪਿੱਛੋਂ ਸੈਨੇਟ ਨੇ ਰੂਸ ਦੇ ਇਸ ਪ੍ਰਮੁੱਖ ਪੱਤਰਕਾਰ ਤੇ ਕਾਰਕੁਨ ਨੂੰ ਮਾਨਤਾ ਦੇਣ ਲਈ ਵੋਟ ਦਿੱਤਾ। ਇਕ ਮੁਲਾਕਾਤ ਵਿਚ ਕਿਊਬਕ ਦੇ ਸੈਨੇਟਰ ਸੇਨ ਪੀਅਰੇ ਡਾਲਫੌਂਡ ਨੇ ਕਿਹਾ ਕਿ ਸਭ ਤੋ ਮਾੜੀ ਗੱਲ ਜੋ ਕੈਦੀਆਂ ਨਾਲ ਹੋ ਸਕਦੀ ਹੈ ਉਹ ਇਹ ਹੈ ਕਿ ਅਸੀਂ ਉਨ੍ਹਾਂ ਨੂੰ ਭੁੱਲ ਜਾਂਦੇ ਹਾਂ। ਅਸੀਂ ਦਿਖਾਉਣਾ ਚਾਹੁੰਦੇ ਹਾਂ, ਅਸੀਂ ਉਨ੍ਹਾਂ ਦੇ ਨਾਲ ਹਾਂ, ਅਸੀਂ ਉਸ ਬਾਰੇ ਸੋਚ ਰਹੇ ਹਾਂ ਅਤੇ ਕ੍ਰੈਮਲਿਨ ਉਸ ਨੂੰ ਲਾਪਤਾ ਨਹੀਂ ਕਰ ਸਕੇਗਾ। ਪ੍ਰਮੁੱਖ ਪੱਤਰਕਾਰ ਅਤੇ ਕਾਰਕੁਨ ਕਾਰਾ-ਮੁਰਜ਼ਾ ਜਿਸ ਨੇ ਰੂਸ ਵਿਚ ਇਕ ਰਾਜਨੀਤਕ ਪਾਰਟੀ ਦੀ ਅਗਵਾਈ ਕਰਨ ਵਿਚ ਮਦਦ ਕੀਤੀ 'ਤੇ ਅਪ੍ਰੈਲ 2022 ਵਿਚ ਯੂਕਰੇਨ 'ਤੇ ਹਮਲੇ ਜਿਸ ਨੂੰ ਰੂਸ ਜੰਗ ਕਹਿਣ ਤੋਂ ਮਨ੍ਹਾ ਕਰਦਾ ਹੈ ਬਾਰੇ ਜਾਣਬੁੱਝ ਕੇ ਗਲਤ ਜਾਣਕਾਰੀ ਫੈਲਾਉਣ ਦੇ ਦੋਸ਼ ਲਗਾਏ ਗਏ ਸਨ। ਉਹ ਗੰਭੀਰ ਸਿਹਤ ਸਮੱਸਿਆਵਾਂ ਨਾਲ ਘਿਰੇ ਹੋਣ ਦੇ ਬਾਵਜੂਦ 25 ਸਾਲ ਦੀ ਕੈਦ ਕੱਟ ਰਿਹਾ ਹੈ।






# ਬੇਘਰ ਕੈਂਪਾਂ ਲਈ ਐਬਟਸਫੋਰਡ ਰੈਪਿਡ ਰਿਸਪਾਂਸ ਟੀਮਾਂ ਸ਼ੁਰੂ ਕਰੇਗਾ




ਐਬਟਸਫੋਰਡ-ਬ੍ਰਿਟਿਸ਼ ਕੋਲੰਬੀਆ ਵਿਚ ਬੇਘਰਿਆਂ ਦੀਆਂ ਹੌਟਸਪੌਟ ਵਾਲੀਆਂ ਥਾਵਾਂ ਵਿਚੋਂ ਇਕ ਬੀਸੀ ਦੀ ਫਰੇਜ਼ਰ ਵੈਲੀ ਵਿਚ ਐਬਟਸਫੋਰਡ ਵਲੋਂ ਸੰਭਾਵਤ ਤੌਰ 'ਤੇ ਨੇੜਲੇ ਭਵਿੱਖ ਵਿਚ ਬੇਘਰਿਆਂ ਦੇ ਮੁੱਦਿਆਂ ਨਾਲ ਨਜਿੱਠਣ ਲਈ ਹੋਰ ਕਮਿਊਨਿਟੀਜ਼ ਦਾ ਧਿਆਨ ਖਿਚਣ ਦੀ ਸੰਭਾਵਨਾ ਹੈ। ਹਾਊਸਿੰਗ ਮੰਤਰੀ ਰਵੀ ਕਾਹਲੋਂ ਨੇ ਐਲਾਨ ਕੀਤਾ ਕਿ ਪੰਜ ਕਮਿਊਨਿਟੀਜ਼ ਵਿਚੋਂ ਐਬਟਸਫੋਰਡ ਪਹਿਲਾ ਹੋਵੇਗਾ ਜਿਥੇ ਨਵੀਂ ਹੋਮਲੈਸ ਇਨਕੈਂਪਮੈਂਟ ਐਕਸ਼ਨ ਰਿਸਪਾਂਸ ਟੀਮ ਬੇਘਰ ਕੈਂਪ ਪੈਦਾ ਹੋਣ ਦੀ ਸੂਰਤ ਵਿਚ ਕਾਰਵਾਈ ਕਰਨ ਜਾਵੇਗੀ। ਕਾਹਲੋਂ ਨੇ ਦੱਸਿਆ ਕਿ ਜਨਤਕ ਬੇਘਰ ਹੋਣ ਦਾ ਅਨੁਭਵ ਕਰ ਰਹੇ ਲੋਕਾਂ ਨੂੰ ਸਹਾਇਤਾ ਤੇ ਜਾਣਕਾਰੀ ਮੁਹੱਈਆ ਕਰਨ ਲਈ ਪ੍ਰੋਗਰਾਮ ਵਿਚ ਸਰਕਾਰ ਤੇ ਸਿਹਤ ਵਿਭਾਗ, ਬਾਈਲਾਅ ਇਨਫੋਰਸਮੈਂਟ, ਪੁਲਿਸ ਅਤੇ ਸੋਸ਼ਲ ਸਰਵਿਸ ਏਜੰਸੀਆਂ ਦੇ ਅਧਿਕਾਰੀ ਸ਼ਾਮਿਲ ਹੋਣਗੇ। ਇਹ ਮਾਡਲ ਵਿਕਟੋਰੀਆ ਵਿਚ ਇਕ ਵੱਡੇ ਹੋਮਲੈਸ ਕੈਂਪ ਦੇ ਵਿਕਾਸ ਪਿੱਛੋਂ 2017 ਵਿਚ ਅਜ਼ਮਾਏ ਗਏ ਮਾਡਲ ਤੋਂ ਪ੍ਰੇਰਨਾ ਲੈਂਦਾ ਹੈ ਜਿਹੜਾ ਖੁਦ ਸਿਆਟਲ ਤੋਂ ਆਇਆ ਸੀ। ਉਨ੍ਹਾਂ ਕਿਹਾ ਕਿ ਲਾਭ ਲੈਣ ਵਾਲੀਆਂ ਚਾਰ ਹੋਰ ਕਮਿਊਨਿਟੀਜ਼ ਲਈ ਐਲਾਨ ਪੱਤਝੜ ਵਿਚ ਕੀਤਾ ਜਾਵੇਗਾ।

## ਦੱਖਣੀ ਸਰੀ 'ਚ ਕਰੇਸੈਂਟ ਰੋਡ 'ਤੇ ਗੋਲੀਬਾਰੀ

ਸਰੀ-ਸਾਊਥ ਸਰੀ ਵਿਚ ਕਰੇਸੈਂਟ ਰੋਡ 'ਤੇ ਤੜਕੇ ਗੋਲੀਬਾਰੀ ਕੀਤੀ ਗਈ ਪਰ ਇਸ ਘਟਨਾ ਵਿਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਅਤੇ ਪੁਲਿਸ ਗੋਲੀਬਾਰੀ ਦੀ ਜਾਂਚ ਕਰ ਰਹੀ ਹੈ। ਪਿਛਲੇ ਦਿਨੀ ਤੜਕੇ ਤਿੰਨ ਵਜੇ ਪੁਲਿਸ ਨੂੰ ਰਿਪੋਰਟਾਂ ਮਿਲੀਆਂ ਕਿ ਕਰੇਸੈਂਟ ਰੋਡ ਦੇ 13000 ਬਲਾਕ ਵਿਚ ਗੋਲੀਬਾਰੀ ਕੀਤੀ ਗਈ ਹੈ। ਸਰੀ ਆਰਸੀਐਮਪੀ ਕਾਰਪੋਰਲ ਵਨੇਸਾ ਮੁਨ ਨੇ ਇਕ ਰਿਲੀਜ਼ ਵਿਚ ਦੱਸਿਆ ਕਿ ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਸੜਕ ਤੋਂ ਗੋਲੀਬਾਰੀ ਦੇ ਸਬੂਤ ਇਕੱਤਰ ਕੀਤੇ। ਗੋਲੀਬਾਰੀ ਵਿਚ ਕੋਈ ਵੀ ਜ਼ਖ਼ਮੀ ਨਹੀਂ ਹੋਇਆ ਜਾਂ ਕਿਸੇ ਪ੍ਰਾਪਰਟੀ ਨੂੰ ਨੁਕਸਾਨ ਨਹੀਂ ਪੁੱਜਾ। ਸਰੀ ਆਰਸੀਐਮਪੀ ਦੀ ਜਨਰਲ ਇਨਵੈਸਟੀਗੇਸ਼ਨ ਯੂਨਿਟ ਘਟਨਾ ਦੀ ਜਾਂਚ ਕਰ ਰਹੀ ਹੈ ਅਤੇ ਇਹ ਘਟਨਾ ਵਾਲੀ ਥਾਂ ਦੇ ਆਲੇ ਦੁਆਲੇ ਦੀ ਜਾਂਚ ਕਰੇਗੀ।

# ਚਾਹਲ ਪਰਿਵਾਰ ਨੂੰ ਕੈਨੇਡਾ ਵਿਚ ਰੱਖਣ ਲਈ ਐਮ.ਪੀ. ਤੇ ਲੋਕਾਂ ਵਲੋਂ ਮੁਹਿੰਮ



ਓਟਵਾ-ਸਾਊਥ ਓਕਾਨਾਗਨ-ਵੈਸਟ ਕੂਟਨੇ ਤੋਂ ਪਾਰਲੀਮੈਂਟ ਮੈਂਬਰ ਰਿਚਰਡ ਕੈਨਿੰਗਸ ਤੇ ਉਨ੍ਹਾਂ ਦਾ ਸਟਾਫ ਪੇਂਟਿਕਟਨ ਵਿਚ ਰਹਿੰਦੇ ਚਾਹਲ ਪਰਿਵਾਰ ਨੂੰ ਭਾਰਤ ਵਾਪਸ ਭੇਜਣ ਤੋਂ ਰੋਕਣ ਲਈ ਉਹ ਸਭ ਕੁਝ ਕਰ ਰਿਹਾ ਹੈ ਜੋ ਉਹ ਕਰ ਸਕਦਾ ਹੈ। ਕੈਨਿੰਗਸ ਨੇ ਦੱਸਿਆ ਕਿ ਅਸੀਂ ਉਨ੍ਹਾਂ ਦੇ ਦੇਸ਼ ਨਿਕਾਲੇ ਹੁਕਮ ਨੂੰ ਰੋਕਣ ਅਤੇ ਇਸ ਪਰਿਵਾਰ ਨੂੰ ਪੀਆਰ ਦਿਵਾਉਣ ਲਈ ਸਖਤ ਮਿਹਨਤ ਕਰ ਰਹੇ ਹਾਂ। ਜੇਕਰ ਫੈਡਰਲ ਸਰਕਾਰ ਸਟੇਅ ਨਾ ਦਿੰਦੀ ਜਾਂ ਦੇਰੀ ਨਾ ਕਰਦੀ ਤਾਂ ਹਰਦੀਪ ਸਿੰਘ ਚਾਹਲ, ਉਸ ਦੀ ਗਰਭਵਤੀ ਪਤਨੀ ਕਮਲਦੀਪ ਕੌਰ ਤੇ ਉਸ ਦੀ ਤਿੰਨ ਸਾਲਾ ਧੀ ਨੂੰ 13 ਜੂਨ ਨੂੰ ਭਾਰਤ ਵਾਪਸ ਭੇਜ ਦੇਣਾ ਸੀ। ਉਨ੍ਹਾਂ ਦੀ ਧੀ ਦਾ ਜਨਮ ਕੈਨੇਡਾ ਵਿਚ ਹੋਇਆ ਹੈ ਅਤੇ ਉਹ ਚਾਹੁੰਦੇ ਹਨ ਕਿ ਉਨ੍ਹਾਂ ਦਾ ਅਗਲਾ ਬੱਚਾ ਵੀ ਕੈਨੇਡੀਅਨ ਹੋਵੇ। ਕੈਨਿੰਗਸ ਨੇ ਦੱਸਿਆ ਕਿ ਉਨ੍ਹਾਂ ਨੇ ਇਸ ਸਬੰਧੀ ਫੈਡਰਲ ਇਮੀਗ੍ਰੇਸ਼ਨ ਮੰਤਰੀ ਅਤੇ ਜਨਤਕ ਸੁਰੱਖਿਆ ਬਾਰੇ ਮੰਤਰੀ ਨਾਲ ਦੋ ਵਾਰ ਗੱਲਬਾਤ ਕੀਤੀ ਹੈ। ਕੈਨਿੰਗਸ ਨੇ ਦੱਸਿਆ ਕਿ ਪਰਿਵਰਾ ਨੂੰ ਇਥੇ ਰੱਖਣ ਦੇ ਸਮਰਥਨ ਵਿਚ ਸਾਨੂੰ ਹਰਦੀਪ ਦੇ ਮਾਲਕ ਤੇ ਆਮ ਲੋਕਾਂ ਦੀਆਂ ਬਹੁਤ ਸਾਰੀਆਂ ਈਮੇਲਜ਼ ਮਿਲੀਆਂ ਹਨ। ਕੈਨਿੰਗਸ ਨੇ ਦੱਸਿਆ ਕਿ ਅਸਲ ਵਿਚ ਕੈਨਿੰਗਸ ਦਫ਼ਤਰ ਵਿਚ 100 ਤੋਂ ਵੀ ਵੱਧ ਈਮੇਲਜ਼ ਸਮਰਥਨ ਵਿਚ ਆਈਆਂ ਹਨ ਜਿਹੜੀਆਂ ਪਰਿਵਾਰ ਦੇ ਚਰਿੱਤਰ ਦਾ ਪ੍ਰਮਾਣ ਹੈ। ਕਮਲਦੀਪ ਕੌਰ ਪੇਂਟਿਕਟਨ ਵਾਲ ਮਾਰਟ ਵਿਚ ਕੰਮ ਕਰਦੀ ਸੀ। ਲਗਪਗ ਇਕ ਦਹਾਕਾ ਕੈਨੇਡਾ ਵਿਚ ਰਹਿਣ ਪਿੱਛੋਂ ਪਿਛਲੇ ਮਹੀਨੇ ਉਨ੍ਹਾਂ ਨੂੰ ਕੈਨੇਡਾ ਤੋਂ ਵਾਪਸ ਭੇਜਣ ਦਾ ਹੁਕਮ ਦਿੱਤਾ ਗਿਆ ਸੀ। ਗੁਪਤ ਕਾਰਨਾਂ ਕਰਕੇ ਇਹ ਨਹੀਂ ਦੱਸਿਆ ਜਾ ਸਕਦਾ ਕਿ ਪਰਿਵਾਰ ਨੂੰ ਵਾਪਸ ਕਿਉਂ ਭੇਜਿਆ ਜਾ ਰਿਹਾ ਹੈ। ਅਸਲ ਵਿਚ ਪਰਿਵਾਰ 10 ਸਾਲ ਦੇ ਵਿਜਟਰ ਵੀਜ਼ਾ 'ਤੇ ਕੈਨੇਡਾ ਆਇਆ ਸੀ ਅਤੇ ਬਾਅਦ ਵਿਚ ਉਨ੍ਹਾਂ ਨੇ ਵਰਕ ਵੀਜ਼ਾ ਲੈ ਲਿਆ। ਉਨ੍ਹਾਂ ਨੇ ਸ਼ਰਨ ਲੈਣ ਲਈ ਵੀ ਅਪਲਾਈ ਕੀਤਾ ਸੀ। ਚਾਹਲ ਤੇ ਕੌਰ ਨੇ ਫੈਡਰਲ ਸਰਕਾਰ ਕੋਲ ਦੋ ਵਾਰ ਅਪੀਲ ਕੀਤੀ ਪਰ ਉਹ ਆਪਣੇ ਦਾਅਵੇ ਦੇ ਹੱਕ ਵਿਚ ਢੁਕਵੇਂ ਦਸਤਾਵੇਜ਼ ਪੇਸ਼ ਨਹੀਂ ਕਰ ਸਕੇ।

# ਪੋਲੀਵਰੇ ਵਲੋਂ ਬਦਨਾਮ ਕਾਤਲ ਬਰਨਾਰਡੋ ਬਾਰੇ ਯਾਦ ਪੱਤਰ ਨੂੰ ਖੁੰਝਾਉਣ ਬਦਲੇ ਮੰਤਰੀ ਮੈਂਡੀਸਿਨੋ ਤੋਂ ਅਸਤੀਫ਼ੇ ਦੀ ਮੰਗ

ਓਟਵਾ-ਕੁਰੈਕਸ਼ਨਲ ਸਰਵਿਸ ਵਲੋਂ ਇਹ ਕਹਿਣ ਕਿ ਜਨਤਕ ਸੁਰੱਖਿਆ ਮੰਤਰੀ ਮਾਰਕੋ ਮੇਂਡੀਸਿਨੋ ਦੇ ਦਫ਼ਤਰ ਨੂੰ ਬਦਨਾਮ ਕਾਤਲ ਪਾਲ ਬਰਨਾਰਡੋ ਨੂੰ ਦਰਮਿਆਨੀ ਸੁਰੱਖਿਆ ਵਾਲੀ ਜੇਲ੍ਹ ਵਿਚ ਤਬਦੀਲ ਕਰਨ ਬਾਰੇ ਕਈ ਮਹੀਨੇ ਪਹਿਲਾਂ ਦੱਸ ਦਿੱਤਾ ਸੀ ਪਿੱਛੋਂ ਕੰਸਰਵੇਟਿਵ ਨੇਤਾ ਪਿਆਰੇ ਪੋਲੀਵਰੇ ਨੇ ਮੰਤਰੀ ਮੇਂਡੀਸਿਨੋ ਤੋਂ ਅਸਤੀਫੇ ਦੀ ਮੰਗ ਕੀਤੀ ਹੈ। ਪਾਰਲੀਮੈਂਟ ਹਿਲ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪੋਲੀਵਰੇ ਨੇ ਕਿਹਾ ਕਿ ਮੰਤਰੀ ਦੀਆਂ ਕਈ ਗਲਤੀਆਂ ਪਿੱਛੋਂ ਮੈਂਡੀਸਿਨੋ ਨੂੰ ਬਾਹਰ ਦਾ ਰਸਤਾ ਦਿਖਾਇਆ ਜਾਣਾ ਚਾਹੀਦਾ ਹੈ। ਬਰਨਾਰਡੋ ਨੂੰ 28 ਮਈ ਨੂੰ ਉੱਚ ਸੁਰੱਖਿਆ ਵਾਲੀ ਜੇਲ੍ਹ ਤੋਂ ਦਰਮਿਆਨੀ ਸੁਰੱਖਿਆ ਵਾਲੀ ਜੇਲ੍ਹ ਵਿਚ ਲਿਜਾਇਆ ਗਿਆ ਸੀ। ਇਕ ਸਜ਼ਾ ਯਾਫ਼ਤਾ ਕਾਤਲ ਅਤੇ ਲੜੀਵਾਰ ਜਬਰਜਨਾਹ ਦੇ ਦੋਸ਼ੀ ਨੂੰ ਘੱਟ ਸੁਰੱਖਿਆ ਵਾਲੀ ਜੇਲ੍ਹ ਵਿਚ ਲਿਜਾਣ ਦੀ ਕਾਰਵਾਈ ਨੇ ਕੈਨੇਡਾ ਵਿਚ ਲੋਕਾਂ ਤੇ ਵਿਰੋਧੀ ਪਾਰਟੀਆਂ ਦਾ ਗੁੱਸਾ ਭੜਕਾਇਆ ਹੈ ਜਿਨ੍ਹਾਂ ਨੇ ਇਸ ਕਦਮ ਨੂੰ ਚੁਣੌਤੀ ਦਿੱਤੀ ਹੈ। ਉਸ ਸਮੇਂ ਮੇਂਡੀਸਿਨੋ ਨੇ ਕਿਹਾ ਕਿ ਉਸ ਨੂੰ ਤਬਦੀਲੀ ਨਾਲ ਝਟਕਾ ਲੱਗਾ ਹੈ ਅਤੇ ਕੈਦੀ ਨੂੰ ਘੱਟ ਸੁਰੱਖਿਆ ਵਾਲੀ ਜੇਲ੍ਹ ਵਿਚ ਲਿਜਾਣ ਪਿੱਛੋਂ ਹੀ ਉਨ੍ਹਾਂ ਨੂੰ ਪਤਾ ਲੱਗਾ ਪਰ ਕੁਰੈਕਸ਼ਨਲ ਸਰਵਸਿਜ਼ ਕੈਨੇਡਾ ਨੇ ਇਸ ਹਫ਼ਤੇ ਬਿਆਨ ਭੇਜ ਕੇ ਦੱਸਿਆ ਕਿ ਉਸ ਦੇ ਦਫ਼ਤਰ ਨੇ ਤਬਦੀਲੀ ਬਾਰੇ ਉਨ੍ਹਾਂ ਦੇ ਦਫ਼ਤਰ ਨੂੰ ਮਾਰਚ ਵਿਚ ਦੱਸ ਦਿੱਤਾ ਸੀ ਅਤੇ ਤਬਦੀਲੀ ਤੋਂ ਕੁਝ ਦਿਨ ਪਹਿਲਾਂ ਫਿਰ ਜਾਣਕਾਰੀ ਦਿੱਤੀ ਸੀ। ਸਰਵਸਿਜ਼ ਦੇ ਬੁਲਾਰੇ ਕੇਵਿਨ ਐਂਟੋਨੁਚੀ ਨੇ ਕਿਹਾ ਕਿ ਕੁਰੈਕਸ਼ਨਲ ਸਰਵਿਸ ਦੀ ਖ਼ਤਰਨਾਕ ਅਪਰਾਧੀਆਂ ਬਾਰੇ ਮੰਤਰੀ ਨੂੰ ਪੇਸ਼ਗੀ ਵਿਚ ਜਾਣਕਾਰੀ ਦੇਣ ਦੀ ਪ੍ਰਕਿਰਿਆ ਹੁੰਦੀ ਹੈ। ਉਨ੍ਹਾਂ ਕਿਹਾ ਕਿ ਮੰਤਰੀ ਦੇ ਦਫ਼ਤਰ ਨੂੰ ਪਹਿਲਾਂ 2 ਮਾਰਚ ਤੇ ਫਿਰ 25 ਮਈ ਨੂੰ ਈਮੇਲਜ਼ ਭੇਜੀਆਂ ਗਈਆਂ ਸਨ। ਮੰਤਰੀ ਦੇ ਦਫ਼ਤਰ ਦੇ ਬੁਲਾਰੇ ਨੇ ਕਿਹਾ ਕਿ ਮੁਜ਼ਰਮ ਨੂੰ ਦਰਮਿਆਨੀ ਸੁਰੱਖਿਆ ਵਾਲੀ ਜੇਲ੍ਹ ਵਿਚ ਲਿਜਾਣ ਪਿੱਛੋਂ ਹੀ ਮੰਤਰੀ ਨੂੰ ਜਾਣਕਾਰੀ ਦਿੱਤੀ ਗਈ ਸੀ।





# ਬੀ. ਸੀ. ਦੇ ਸਾਬਕਾ ਅਧਿਆਪਕ ਖ਼ਿਲਾਫ਼ ਜਿਣਸੀ ਸ਼ੋਸ਼ਣ ਦਾ ਦੋਸ਼

ਵੈਨਕੂਵਰ-ਬ੍ਰਿਟਿਸ਼ ਕੋਲੰਬੀਆ ਦੇ ਇਕ ਸਾਬਕਾ ਅਧਿਆਪਕ 'ਤੇ ਨੌਰਥ ਵੈਨਕੂਵਰ ਵਿਚ ਸੇਂਟ ਥਾਮਸ ਐਕੁਇਨਾਸ ਰੀਜਨਲ ਸੈਕੰਡਰੀ ਸਕੂਲ ਵਿਖੇ ਇਕ ਵਿਦਿਆਰਥੀ 'ਤੇ ਜਿਣਸੀ ਹਮਲੇ ਦਾ ਦੋਸ਼ ਲਗਾਇਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਇਹ ਜਿਣਸੀ ਹਮਲਾ ਉਸ ਸਮੇਂ ਕੀਤਾ ਗਿਆ ਜਦੋਂ ਇਹ ਅਧਿਆਪਕ 2017 ਅਤੇ 2019 ਵਿਚਕਾਰ ਸਕੂਲ ਵਿਚ ਪੜ੍ਹਾਉਂਦਾ ਸੀ। ਆਰਸੀਐਮਪੀ ਨੇ ਦੱਸਿਆ ਕਿ ਉਸ ਦੇ ਖਿਲਾਫ 2 ਮਈ ਨੂੰ ਜਿਣਸੀ ਸ਼ੋਸ਼ਣ ਤੇ ਜਿਣਸੀ ਹਮਲੇ ਦੇ ਦੋਸ਼ ਲਗਾਏ ਗਏ ਸਨ ਅਤੇ ਉਸ ਦੀ ਗ੍ਰਿਫ਼ਤਾਰੀ ਲਈ ਕੈਨੇਡਾ ਵਿਆਪੀ ਵਾਰੰਟ ਜਾਰੀ ਕੀਤੇ ਗਏ ਸਨ। ਵਾਰੰਟਾਂ ਦੇ ਆਧਾਰ 'ਤੇ ਉਸ ਨੂੰ ਓਨਟਾਰੀਓ ਸੂਬੇ ਦੇ ਵਿੰਡਸਰ ਸ਼ਹਿਰ ਵਿਚ 6 ਜੂਨ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਲੋਕਾਂ ਵਿਚਕਾਰ ਸੋਸ਼ਲ ਮੀਡੀਆ 'ਤੇ ਚਰਚਾ ਬਾਰੇ ਜਾਣਕਾਰੀ ਹੈ ਜਿਹੜੇ ਇਸ ਤੋਂ ਪ੍ਰਭਾਵਤ ਹੋਏ ਹੋ ਸਕਦੇ ਹਨ ਜਾਂ ਘਟਨਾ ਦੀ ਜਾਣਕਾਰੀ ਹੈ। ਜਾਣਕਾਰੀ ਦੇਣ ਲਈ ਪੁਲਿਸ ਤਕ ਪਹੁੰਚ ਕਰਨ ਲਈ ਉਹ ਉਨ੍ਹਾਂ ਨੂੰ ਉਤਸ਼ਾਹਿਤ ਕਰ ਰਹੇ ਹਨ।

UNI GLOBAL IMMIGRATION
CONSULTING SERVICES LTD.
Your Dream......Our Passion
For All Your Immigration Related Needs
• Express Entry (PR)
• FSW, FST
• Canadian Experience Class
• LMIA & Work Permit
• PNP
• Spousal (Marriage) Sponsorship
• Business (Investor) Visa
• Study Visa
• Care-giver (Nanny)
• Visitor Visa
• Super Visa
• Citizenship Application
• Refusal Cases
• IEC
We also help employers in hiring temporary foreign workers(TFW). We help employers in each and every step of acquiring Temporary Foreign Workers
Tel: 604-338-4975
604-507-9962
#12387 - 75 Ave., Surrey BC V3W 2S7
Email: contactuniglobal@gmail.com

HOMELAND MORTGAGE CORP.
ਜੇਕਰ ਤੁਹਾਨੂੰ ਮੌਰਟਗੇਜ ਲੈਣ ਵਿਚ ਕੋਈ ਮੁਸ਼ਕਲ ਆਉਂਦੀ ਹੈ ਤਾਂ ਇਕ ਵਾਰ ਸਾਨੂੰ ਜਰੂਰ ਮਿਲੋ। ਅਸੀਂ ਪ੍ਰਾਈਵੇਟ ਮੌਰਟਗੇਜ ਦਾ ਵੀ ਪ੍ਰਬੰਧ ਘੱਟ ਰੇਟ ਤੇ ਕਰਦੇ ਹਾਂ
☑ ਪਹਿਲੀ ਵਾਰ ਘਰ ਖਰੀਦਣ ਵਾਲੇ
☑ ਰੈਜੀਡੈਂਸ਼ੀਅਲ ਮੌਰਟਗੇਜ
☑ ਕੰਸਟਰਕਸ਼ਨ ਮੌਰਟਗੇਜ
☑ ਪ੍ਰਾਈਵੇਟ ਮੌਰਟਗੇਜ
☑ ਸੈਕੰਡ ਅਤੇ ਥਰਡ ਮੌਰਟਗੇਜ
• Residential Mortgages
• Construction Mortgage
• Commercial Mortgages
• Farm Financing
• Private Mortgages
• 2nd & 3rd Mortgage
(*Conditionsapply)
Professional & Experienced
MORTGAGE CONSULTANT
Ph: 604-593-6622
Fax: 604-593-6615
Unit 204 - 7928 128 St.
(York Business Centre) Surrey
www.homelandmortgage.ca,
homelandmortgage@hotmail.com

KULDIP S PANESAR
Senior Mortgage Advisor
Cell: 604-308-6839

# ਆਪਣਾ ਰੇਲ ਕਾਰ ਰੈਸਟੋਰੈਂਟ ਵੇਚ ਰਹੀ ਹੈ ਡੈਨੀਅਲ ਸਮਿਥ



ਕੈਲਗਰੀ-ਅਲਬਰਟਾ ਦੀ ਪ੍ਰੀਮੀਅਰ ਆਪਣਾ ਰੇਲ ਕਾਰ ਰੈਸਟੋਰੈਂਟ ਵੇਚ ਰਹੀ ਹੈ ਜਿਸ ਦੀ ਉਹ ਤੇ ਉਸ ਦਾ ਪਤੀ ਮਾਲਕ ਹੈ। ਇਕ ਰੀਅਲ ਅਸਟੇਟ ਵੈੱਬਸਾਈਟ ਦੀ ਸੂਚੀ ਵਿਚ ਕਿਹਾ ਗਿਆ ਹੈ ਕਿ ਕੈਲਗਰੀ ਦੇ ਦੱਖਣ ਵਿਚ 65 ਕਿਲੋਮੀਟਰ ਦੂਰ ਹਾਈ ਰਿਵਰ ਦੇ ਡਾਊਨਟਾਊਨ ਇਲਾਕੇ ਵਿਚ ਇਕ ਅਨੋਖਾ ਆਪਣੀ ਕਿਸਮ ਦਾ ਰੈਸਟੋਰੈਂਟ ਵਿਕਰੀ ਲਈ ਤਿਆਰ ਹੈ। ਇਸ਼ਤਿਹਾਰ ਕਹਿੰਦਾ ਹੈ ਕਿ ਰੈਸਟੋਰੈਂਟ 365000 ਡਾਲਰ ਦਾ ਵੇਚਿਆ ਜਾਵੇਗਾ ਜਾਂ 351 ਡਾਲਰ ਪ੍ਰਤੀ ਮਹੀਨਾ ਦੇ ਹਿਸਾਬ ਨਾਲ ਕਿਰਾਏ 'ਤੇ ਦਿੱਤਾ ਜਾਵੇਗਾ। ਪ੍ਰੀਮੀਅਰ ਦੇ ਦਫ਼ਤਰ ਦਾ ਕਹਿਣਾ ਕਿ ਸਮਿਥ ਤੇ ਉਨ੍ਹਾਂ ਦੇ ਪਤੀ ਨੇ 2017 ਵਿਚ ਰੈਸਟੋਰੈਂਟ ਖਰੀਦਿਆ ਸੀ। ਪ੍ਰੈਸ ਸਕੱਤਰ ਸੈਮ ਬਲੈਕੇਟ ਦਾ ਕਹਿਣਾ ਕਿ ਸਮਿਥ ਦੇ ਪਤੀ ਦਾ ਆਪਣੇ ਪਿਤਾ ਜਿਹੜਾ ਡਾਈਨਿੰਗ ਵੇਟਰ ਸੀ ਦੀ ਯਾਦ ਨੂੰ ਬਚਾਉਣ ਤੇ ਬਹਾਲ ਕਰਨਾ ਇਕ ਨਿੱਜੀ ਟੀਚਾ ਸੀ। ਬਲੈਕਟ ਨੇ ਦੱਸਿਆ ਕਿ ਸਮਿਥ ਦਾ ਪਤੀ ਵੀ 2013 ਵਿਚ ਆਏ ਹੜ੍ਹਾਂ ਪਿੱਛੋਂ ਕਮਿਊਨਿਟੀ ਦੀ ਆਰਥਿਕ ਰਿਕਵਰੀ ਵਿਚ ਯੋਗਦਾਨ ਪਾਉਣਾ ਚਾਹੁੰਦਾ ਹੈ।

## ਬੀਸੀ ਦੇ ਪ੍ਰਿੰਸ ਰੂਪਰਟ ਦੇ ਇਕ ਘਰ ਵਿਚੋਂ ਚਾਰ ਲਾਸ਼ਾਂ ਮਿਲੀਆਂ

ਵਿਕਟੋਰੀਆ-ਬ੍ਰਿਟਿਸ਼ ਕੋਲੰਬੀਆ ਦੇ ਉੱਤਰ ਪੱਛਮ ਵਿਚ ਪ੍ਰਿੰਸ ਰੂਪਰਟ ਵਿਚ ਇਕ ਘਰ ਵਿਚੋਂ ਚਾਰ ਲਾਸ਼ਾਂ ਮਿਲੀਆਂ ਹਨ ਅਤੇ ਪੁਲਿਸ ਇਸ ਨੂੰ ਹੱਤਿਆ ਦਾ ਮਾਮਲਾ ਸਮਝਦੀ ਹੈ। ਪ੍ਰਿੰਸ ਰੂਪਰਟ ਆਰਸੀਐਮਪੀ ਨੇ ਦੱਸਿਆ ਕਿ ਜਦੋਂ ਪੁਲਿਸ ਅਫਸਰ ਫਨ 'ਤੇ ਸੂਚਨਾ ਮਿਲਣ ਪਿੱਛੋਂ ਸਿਲਵਰਸਾਈਡ ਡਰਾਈਵ ਦੇ 100 ਬਲਾਕ ਵਿਚ ਪੁੱਜੇ ਤਾਂ ਉਨ੍ਹਾਂ ਨੂੰ ਚਾਰ ਲਾਸ਼ਾਂ ਮਿਲੀਆਂ ਅਤੇ ਉਨ੍ਹਾਂ ਨੇ ਹੱਤਿਆ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਨੇ ਕਿਹਾ ਕਿ ਉਨ੍ਹਾਂ ਦਾ ਖਿਆਲ ਨਹੀਂ ਕਿ ਇਸ ਮਾਮਲੇ ਵਿਚ ਕੋਈ ਬਾਹਰੀ ਸ਼ੱਕੀ ਹੈ, ਇਸ ਲਈ ਜਨਤਾ ਨੂੰ ਕੋਈ ਖ਼ਤਰਾ ਨਹੀਂ ਹੋਣਾ ਚਾਹੀਦਾ। ਮ੍ਰਿਤਕਾਂ ਦਾ ਨਾਂਅ ਰਿਲੀਜ਼ ਨਹੀਂ ਕੀਤੇ ਗਏ। ਪ੍ਰਿੰਸ ਰੂਪਰਟ ਵੈਨਕੂਵਰ ਤੋਂ 1200 ਕਿਲੋਮੀਟਰ ਦੂਰ ਸਥਿਤ ਹੈ।



# ਜਾਰਜ ਮੈਸੀ ਸੁਰੰਗ ਨੂੰ ਬਦਲਣ ਲਈ ਸੂਬੇ ਵਲੋਂ ਯੋਗਤਾਵਾਂ ਲਈ ਬੇਨਤੀ ਜਾਰੀ

ਵਿਕਟੋਰੀਆ-ਬੀਸੀ ਦੇ ਟਰਾਂਸਪੋਰਟੇਸ਼ਨ ਐਂਡ ਇਨਫਰਾਸਟਰਕਚਰ ਮੰਤਰਾਲੇ ਨੇ ਪੁਰਾਣੀ ਜਾਰਜ ਮੈਸੀ ਸੁਰੰਗ ਨੂੰ ਬਦਲਣ ਲਈ ਯੋਗਤਾਵਾਂ ਵਾਸਤੇ ਬੇਨਤੀ ਜਾਰੀ ਕੀਤੀ ਹੈ। 14 ਜੂਨ ਨੂੰ ਮੰਤਰਾਲੇ ਨੇ ਦਿਲਚਸਪੀ ਰੱਖਣ ਵਾਲੀਆਂ ਕੰਪਨੀਆਂ ਨੂੰ ਨਵੀਂ ਅੱਠ ਲੇਨ ਵਾਲੀ ਟਿਊਬ ਸੁਰੰਗ ਲਈ ਸੱਦਾ ਦਿੱਤਾ ਹੈ ਜਿਸ ਪਿੱਛੋਂ ਸੂਬਾ ਖਰੀਦ ਪ੍ਰਕਿਰਿਆ ਵਿਚ ਅੱਗੇ ਵਧਣ ਲਈ ਇਕੱਲੇ ਪ੍ਰਸਤਾਵਕ ਦੀ ਚੋਣ ਲਈ ਸ਼ਾਰਟਲਿਸਟ ਕੀਤੀਆਂ ਕੁਆਲੀਫਾਈ ਕੀਤੀਆਂ ਟੀਮਾਂ ਤੋਂ ਤਜਵੀਜ਼ਾਂ ਲਈ ਬੇਨਤੀ ਜਾਰੀ ਕਰੇਗਾ। ਇਕ ਪ੍ਰੈਸ ਰਿਲੀਜ਼ ਵਿਚ ਟਰਾਂਸਪੋਰਟੇਸ਼ਨ ਮੰਤਰੀ ਰੋਬ ਫਲੇਮਿੰਗ ਨੇ ਦੱਸਿਆ ਕਿ ਜਾਰਜ ਮੈਸੀ ਸੁਰੰਗ ਬਦਲਣ ਲਈ ਪ੍ਰਾਜੈਕਟ ਵਿਚ ਇਹ ਇਕ ਵੱਡਾ ਮੀਲਪੱਥਰ ਹੈ। ਅਸੀਂ ਇਸ ਮਹੱਤਵਪੂਰਣ ਪ੍ਰਾਜੈਕਟ ਵਿਚ ਮਹੱਤਵਪੂਰਣ ਤਰੱਕੀ ਕਰ ਰਹੇ ਹਾਂ ਜਿਹੜਾ ਯਾਤਰਾ ਸਮੇਂ ਵਿਚ ਸੁਧਾਰ ਕਰੇਗਾ ਅਤੇ ਫਰੇਜ਼ਰ ਦਰਿਆ ਦੇ ਦੋਵੇਂ ਪਾਸੇ ਵਸੇ ਲੋਕਾਂ ਲਈ ਟਰਾਂਜਿਟ ਵਿਕਲਪ ਦੇਵੇਗਾ। ਪ੍ਰਾਜੈਕਟ ਮੌਜੂਦਾ ਸਮੇਂ ਬੀਸੀ ਦੀ ਵਾਤਾਵਰਣ ਮੁਲਾਂਕਣ ਪ੍ਰਕਿਰਿਆ ਵਿਚੋਂ ਲੰਘ ਰਿਹਾ ਹੈ। ਖੇਤਰ ਵਿਚ ਸਰਗਰਮ ਟਰਾਂਸਪੋਰਟੇਸ਼ਨ ਵਿਕਲਪਾਂ ਦੀ ਸਹਾਇਤਾ ਲਈ ਅਗਸਤ 2021 ਵਿਚ ਐਲਾਨਿਆਂ ਨਵਾਂ ਟੋਲ ਫਰੀ ਕਰੌਸਿੰਗ ਵਿਚ ਤਿੰਨ ਆਮ ਉਦੇਸ਼ ਵਾਲੀਆਂ ਲੇਨਜ਼ ਹੋਣਗੀਆਂ ਅਤੇ ਇਕ ਹਰੇਕ ਦਿਸ਼ਾ ਵੱਲ ਇਕ ਸਮਰਪਿਤ ਟਰਾਂਜ਼ਿਟ ਲੇਨ ਤੋਂ ਇਲਾਵਾ ਬਾਈਕ ਤੇ ਪੈਦਲ ਚੱਲਣ ਵਾਲਿਆਂ ਲਈ ਰਸਤੇ ਹੋਣਗੇ। ਡਬਲ ਡੈਕਰ ਬੱਸਾਂ ਚਲਾਉਣ ਲਈ ਇਹ ਸੁਰੰਗ ਮੌਜੂਦਾ ਸੁਰੰਗ ਤੋਂ ਲਗਪਗ ਇਕ ਕਿਲੋਮੀਟਰ ਲੰਬੀ ਅਤੇ ਤਿੰਨ ਮੀਟਰ ਡੂੰਘੀ ਹੋਵੇਗੀ। ਨਵੀਂ ਸੁਰੰਗ ਜਿਹੜੀ ਮੌਜੂਦਾ ਸੁਰੰਗ ਤੋਂ ਬਿਲਕੁਲ ਉਪਰ ਹੋਵੇਗੀ 2030 ਵਿਚ ਚਾਲੂ ਹੋਣ ਦੀ ਆਸ ਹੈ ਅਤੇ ਇਸ ਉੱਤੇ 4.15 ਅਰਬ ਡਾਲਰ ਖਰਚ ਆਉਣ ਦਾ ਅਨੁਮਾਨ ਹੈ ਜਿਸ ਵਿਚ ਮੌਜੂਦਾ ਸੁਰੰਗ ਨੂੰ ਹਟਾਉਣ ਦਾ ਖਰਚ ਸ਼ਾਮਿਲ ਹੈ।

# ਅਲਬਰਟਾ ਦੇ ਅਧਿਆਤਮਿਕ ਨੇਤਾ ਰੂਟਰ ਨੂੰ ਜਿਣਸੀ ਸ਼ੋਸ਼ਣ ਦੇ ਨਵੇਂ ਦੋਸ਼ਾਂ ਦਾ ਸਾਹਮਣਾ

ਐਡਮਿੰਟਨ-ਪੁਲਿਸ ਨੇ ਵਿਵਾਦਪੂਰਣ ਐਡਮਿੰਟਨ ਦੇ ਅਧਿਆਤਮਿਕ ਨੇਤਾ ਜੌਹਨ ਡੀ ਰੂਟਰ ਅਤੇ ਉਸ ਦੀ ਪਤਨੀ ਲੇਹ ਐਨ ਖਿਲਾਫ ਜਿਣਸੀ ਸ਼ੋਸ਼ਣ ਦੇ ਕਈ ਨਵੇਂ ਦੋਸ਼ ਲਗਾਏ ਹਨ। ਐਡਮਿੰਟਨ ਪੁਲਿਸ ਦੀ ਬੁਲਾਰਨ ਸ਼ੈਰਲ ਵੂਰਡੇਨਹੌਟ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ 63 ਸਾਲਾ ਡੀ ਰੂਟਰ 2012 ਅਤੇ 2019 ਵਿਚਕਾਰ ਤਿੰਨ ਵੱਖ ਵੱਖ ਔਰਤਾਂ ਦੇ ਜਿਣਸੀ ਸ਼ੋਸ਼ਣ ਦੇ ਤਿੰਨ ਨਵੇਂ ਦੋਸ਼ਾਂ ਦਾ ਸਾਹਮਣਾ ਕਰ ਰਿਹਾ ਹੈ। ਡੀ ਰੂਟਰ ਦੀ ਪਤਨੀ ਜਿਸ ਨੂੰ ਉਸ ਦੇ ਪਹਿਲੇ ਨਾਮ ਲੇਹ ਐਨ ਐਂਗਰਮੈਨ ਵਜੋਂ ਜਾਣਿਆਂ ਜਾਂਦਾ ਹੈ 'ਤੇ ਇਨ੍ਹਾਂ ਦੋਸ਼ਾਂ ਦੇ ਸਬੰਧ ਵਿਚ ਜਿਣਸੀ ਹਮਲੇ ਦੇ ਦੋ ਦੋਸ਼ ਲਗਾਏ ਗਏ ਹਨ। ਉਹ 64 ਸਾਲ ਦੀ ਹੈ। ਰੂਟਰ ਨੂੰ ਪਹਿਲਾਂ ਜਨਵਰੀ ਵਿਚ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸ ਖਿਲਾਫ ਉਸ ਦੀ ਕਮਿਊਨਿਟੀ ਦੇ ਸ਼ਰਧਾਲੂ ਔਰਤਾਂ ਖਿਲਾਫ ਜਿਣਸੀ ਹਮਲੇ ਕਰਨ ਦੇ ਚਾਰ ਦੋਸ਼ ਲਗਾਏ ਗਏ ਸਨ। ਉਸ ਦੀ ਪਤਨੀ ਨੂੰ ਮਾਰਚ ਮਹੀਨੇ ਗ੍ਰਿਫ਼ਤਾਰ ਕੀਤਾ ਗਿਆ ਸੀ ਅਤੇ ਉਸੇ ਘਟਨਾਵਾਂ ਦੇ ਸਬੰਧ ਵਿਚ ਜਿਣਸੀ ਹਮਲੇ ਦੇ ਤਿੰਨ ਦੋਸ਼ ਲਗਾਏ ਗਏ ਸਨ ਜਿਹੜੇ 2017 ਅਤੇ 2020 ਵਿਚਕਾਰ ਕਥਿਤ ਰੂਪ ਵਿਚ ਵਾਪਰੀਆਂ ਸਨ।

# ਸੀ.ਬੀ.ਐਸ.ਏ. ਵਲੋਂ 6 ਮਹੀਨਿਆਂ ਵਿਚ 6300 ਕਿਲੋ ਮੇਥਮਫੇਟਾਮਾਈਨ ਬਰਾਮਦ

ਓਟਵਾ-ਕੈਨੇਡਾ ਬਾਰਡਰ ਸਰਵਸਿਜ਼ ਏਜੰਸੀ ਦਾ ਕਹਿਣਾ ਕਿ ਉਸ ਨੇ ਪਿਛਲੇ 6 ਮਹੀਨਿਆਂ ਵਿਚ ਬ੍ਰਿਟਿਸ਼ ਕੋਲੰਬੀਆ ਵਿਚ 6300 ਕਿਲੋਗ੍ਰਾਮ ਤੋਂ ਵੀ ਵੱਧ ਮੇਥਮਫੇਟਾਮਾਈਨ ਨਸ਼ੀਲਾ ਪਦਾਰਥ ਬਰਾਮਦ ਕੀਤਾ ਹੈ ਜਿਸ ਵਿਚ ਡਰੱਗ ਦੀ ਹੁਣ ਤਕ ਦੀ ਸਭ ਤੋਂ ਵੱਡੀ ਖੇਪ ਵੀ ਸ਼ਾਮਿਲ ਹੈ। ਏਜੰਸੀ ਨੇ ਦੱਸਿਆ ਕਿ ਨਸ਼ੀਲਾ ਪਦਾਰਥ ਮੈਟਰੋ ਵੈਨਕੂਵਰ ਵਿਚ ਚਾਰ ਵਾਰ ਜ਼ਬਤ ਕੀਤਾ ਗਿਆ ਅਤੇ ਇਹ ਕੈਨੋਲਾ ਤੇਲ ਦੇ ਜੱਗਾਂ ਵਿਚ ਰੱਖਿਆ ਹੋਇਆ ਸੀ ਅਤੇ ਇਸ ਨੂੰ ਆਸਟਰੇਲੀਆ ਭੇਜਿਆ ਜਾਣਾ ਸੀ। ਪਿਛਲੇ ਸਾਲ ਦਸੰਬਰ ਵਿਚ ਏਜੰਟਾਂ ਨੇ 40 ਜੱਗ ਬਰਾਮਦ ਕੀਤੇ ਜਿਨ੍ਹਾਂ ਵਿਚ 2-2 ਸੌ ਗ੍ਰਾਮ ਤੋਂ ਵੀ ਵੱਧ ਕ੍ਰਿਸਟਲ ਮੇਥਮਫੇਟਾਮਾਈਨ ਰੱਖਿਆ ਹੋਇਆ ਸੀ ਅਤੇ ਇਕ ਮਹੀਨਾ ਬਾਅਦ ਡੈਲਟਾ ਵਿਚ 2900 ਕਿਲੋਗ੍ਰਾਮ ਤਰਲ ਮੇਥਮਫੇਟਾਮਾਈਨ ਬਰਾਮਦ ਕੀਤਾ ਗਿਆ ਜਿਹੜਾ 180 ਕੰਟੇਨਰਾਂ ਵਿਚ ਰੱਖਿਆ ਹੋਇਆ ਸੀ। ਏਜੰਸੀ ਨੇ ਦੱਸਿਆ ਕਿ ਜਨਵਰੀ ਵਿਚ ਹੋਈ ਬਰਾਮਦਗੀ ਨਾਲ 35 ਵੱਡੇ ਸੂਟ ਕੇਸ ਭਰੇ ਜਾ ਸਕਦੇ ਸਨ ਅਤੇ ਇਹ ਮੇਥਮਫੇਟਾਮਾਈਨ ਦੀ ਹੁਣ ਤਕ ਸਭ ਤੋਂ ਵੱਡੀ ਬਰਾਮਦਗੀ ਹੈ। ਮਈ ਮਹੀਨੇ ਕੰਟੇਨਰ ਜਾਂਚ ਫੈਸਿਲਟੀ ਵਿਖੇ ਦੋ ਹੋਰ ਵੱਡੀਆਂ ਬਰਾਮਦਗੀਆਂ ਕੀਤੀਆਂ ਗਈਆਂ ਜਿਥੇ 3000 ਕਿਲੋ ਤੋਂ ਵੀ ਵੱਧ ਤਰਲ ਮੇਥਮਾਫੇਟਾਮਾਈਨ ਬਰਾਮਦ ਕੀਤਾ ਗਿਆ। ਏਜੰਸੀ ਨੇ ਦੱਸਿਆ ਕਿ ਬਰਾਮਦਗੀ ਕੈਨੇਡਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿਚ ਅਧਿਕਾਰੀਆਂ ਦੇ ਆਪਸੀ ਸਹਿਯੋਗ ਦਾ ਨਤੀਜਾ ਹੈ। ਇਸ ਕਾਰਵਾਈ ਦੇ ਸਬੰਧ ਵਿਚ ਆਸਟਰੇਲੀਆ ਵਿਚ ਪੰਜ ਆਸਟਰੇਲੀਅਨ ਨਾਗਰਿਕ ਅਤੇ ਇਕ ਅਮਰੀਕੀ ਨਾਗਰਿਕ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਅਤੇ ਜਾਂਚ ਆਰਸੀਐਮਪੀ ਨੂੰ ਸੌਂਪ ਦਿੱਤੀ ਗਈ ਹੈ।

## ਪੁਲਿਸ ਅਫਸਰ ਨੂੰ ਮੋਟਰ ਗੱਡੀ ਨਾਲ ਟੱਕਰ ਮਾਰਨ ਵਾਲੇ ਦੋ ਕਿਸ਼ੋਰ ਗ੍ਰਿਫ਼ਤਾਰ

ਐਡਮਿੰਟਨ-ਇਥੇ ਰੋਕਣ ਦੌਰਾਨ ਇਕ ਮੋਟਰ ਗੱਡੀ ਵਲੋਂ ਪੁਲਿਸ ਅਫਸਰ ਨੂੰ ਟੱਕਰ ਮਾਰਨ ਪਿੱਛੋਂ ਦੋ ਕਿਸ਼ੋਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਨੇ ਦੱਸਿਆ ਕਿ ਸੋਮਵਾਰ ਸ਼ਾਮ ਚਾਰ ਵਜੇ ਤੋਂ ਥੋੜਾ ਪਿੱਛੋਂ ਮਿਲ ਵੁੱਡਸ ਰੋਡ ਅਤੇ 36ਬੀ ਐਵੀਨਿਊ ਨੇੜੇ ਤੇਜ਼ ਰਫ਼ਤਾਰ ਨਾਲ ਜਾ ਰਹੀ ਹੁੰਡਈ ਸੋਨਾਟਾ ਕਾਰ ਨੂੰ ਰੋਕਿਆ। ਇਸ ਪਿੱਛੋਂ ਅਫਸਰਾਂ ਤੇ ਡਰਾਈਵਰ ਵਿਚਕਾਰ ਗੱਲਬਾਤ ਹੋਈ ਅਤੇ ਇਸ ਪਿੱਛੋਂ ਡਰਾਈਵਰ ਨੇ ਗੱਡੀ ਬੈਕ ਕਰਕੇ ਅਫਸਰਾਂ ਵਿਚੋਂ ਇਕ ਨੂੰ ਟੱਕਰ ਮਾਰ ਦਿੱਤੀ। ਜ਼ਖ਼ਮੀ ਹੋਏ ਅਫਸਰ ਨੂੰ ਹਸਪਤਾਲ ਲਿਜਾਇਆ ਗਿਆ ਜਿਥੇ ਉਸ ਦੀ ਹਾਲਤ ਖ਼ਤਰੇ ਤੋਂ ਬਾਹਰ ਹੈ। 15 ਸਾਲਾ ਔਰਤ ਡਰਾਈਵਰ ਤੇ 19 ਸਾਲਾ ਔਰਤ ਯਾਤਰੀ ਨੂੰ ਮੌਕੇ 'ਤੇ ਗ੍ਰਿਫ਼ਤਾਰ ਕਰ ਲਿਆ ਅਤੇ ਉਨ੍ਹਾਂ ਖਿਲਾਫ ਦੋਸ਼ਾਂ 'ਤੇ ਵਿਚਾਰ ਕੀਤੀ ਜਾ ਰਹੀ ਹੈ। ਡਰਾਈਵਰ ਕੋਲ ਮੋਟਰ ਗੱਡੀ ਚਲਾਉਣ ਦਾ ਲਾਇਸੰਸ ਨਹੀਂ ਸੀ।




SURE SHOT LEARNING CENTER
ਸ਼ਿਓਰ-ਸ਼ੋਟ ਲਰਨਿੰਗ ਸੈਂਟਰ
604.446.2817
#102 9360 120 ਸਟਰੀਟ, ਸਰੀ



# ਟਰੰਪ ਨੇ ਖ਼ੁਫ਼ੀਆ ਦਸਤਾਵੇਜ਼ ਘਰ ਰੱਖਣ ਦੇ ਦੋਸ਼ ਨਾ ਕਬੂਲੇ

ਵਾਸ਼ਿੰਗਟਨ-ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਫਲੋਰਿਡਾ ਦੀ ਆਪਣੀ ਰਿਹਾਇਸ਼ 'ਚ ਖ਼ੁਫ਼ੀਆ ਦਸਤਾਵੇਜ਼ ਰੱਖ ਕੇ ਦਰਜਨਾਂ ਵਾਰ ਕਾਨੂੰਨ ਦਾ ਉਲੰਘਣ ਕਰਨ ਦਾ ਗੁਨਾਹ ਨਹੀਂ ਕਬੂਲਿਆ ਹੈ। ਟਰੰਪ ਮੰਗਲਵਾਰ ਨੂੰ ਮਿਆਮੀ ਦੀ ਅਦਾਲਤ 'ਚ ਪੇਸ਼ ਹੋਏ। ਉਹ ਸੰਘੀ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਦੇਸ਼ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਬਣ ਗਏ ਹਨ। ਨੇਵੀ ਸੂਟ ਅਤੇ ਲਾਲ ਰੰਗ ਦੀ ਟਾਈ ਪਹਿਨੀ ਟਰੰਪ ਫਲੋਰਿਡਾ ਦੀ ਮਿਆਮੀ ਅਦਾਲਤ 'ਚ ਸੁਣਵਾਈ ਸ਼ੁਰੂ ਹੋਣ ਤੋਂ 15 ਮਿੰਟ ਪਹਿਲਾਂ ਪੁੱਜੇ ਅਤੇ ਬਹੁਤ ਸੰਭਲ ਕੇ ਆਪਣੀ ਕੁਰਸੀ 'ਤੇ ਬੈਠੇ। ਉਦੋਂ ਤੱਕ ਜੱਜ ਅਦਾਲਤ ਦੇ ਕਮਰੇ 'ਚ ਨਹੀਂ ਪੁੱਜੇ ਸਨ। ਟਰੰਪ ਦਾ ਪੁੱਤਰ ਐਰਿਕ ਟਰੰਪ ਅਦਾਲਤ 'ਚ ਆਪਣੇ ਪਿਤਾ ਨਾਲ ਸੀ। ਇਹ ਅਜਿਹਾ ਇਤਿਹਾਸਕ ਮਾਮਲਾ ਹੈ ਜੋ 2024 ਦੀਆਂ ਚੋਣਾਂ ਨੂੰ ਦੇਖਦਿਆਂ ਅਮਰੀਕਾ ਦੇ ਸਿਆਸੀ ਅਤੇ ਕਾਨੂੰਨੀ ਦ੍ਰਿਸ਼ ਨੂੰ ਬਦਲ ਸਕਦਾ ਹੈ। ਏਬੀਸੀ ਨਿਊਜ਼ ਦੀ ਇਕ ਰਿਪੋਰਟ ਮੁਤਾਬਕ ਟਰੰਪ ਸੁਣਵਾਈ ਦੌਰਾਨ ਧਰਤੀ ਵੱਲ ਹੇਠਾਂ ਦੇਖਦੇ ਰਹੇ। ਸੰਘੀ ਵਕੀਲਾਂ ਨੇ ਟਰੰਪ 'ਤੇ ਆਪਣੇ ਕਾਰਜਕਾਲ ਦੌਰਾਨ ਖ਼ੁਫ਼ੀਆ ਦਸਤਾਵੇਜ਼ ਹਾਸਲ ਕਰਨ ਅਤੇ ਉਨ੍ਹਾਂ ਨੂੰ ਆਪਣੇ ਕੋਲ ਰੱਖਣ ਦੇ ਦੋਸ਼ ਲਾਏ। ਸਾਬਕਾ ਰਾਸ਼ਟਰਪਤੀ 'ਤੇ 37 ਸੰਘੀ ਦੋਸ਼ ਲਾਏ ਗਏ ਹਨ ਜਿਨ੍ਹਾਂ 'ਚੋਂ 31 ਜਾਸੂਸੀ ਐਕਟ ਦੀ ਉਲੰਘਣਾ ਨਾਲ ਜੁੜੇ ਹੋਏ ਹਨ।




ਟਰੰਪ ਦੇ ਵਕੀਲ ਟੋਡ ਬਲਾਂਸ਼ੇ ਨੇ ਕਿਹਾ,"ਅਸੀਂ ਜੁਰਮ ਨਹੀਂ ਕਬੂਲਣ ਸਬੰਧੀ ਪਟੀਸ਼ਨ ਦਾਖ਼ਲ ਕਰ ਰਹੇ ਹਾਂ।" ਮੈਜਿਸਟਰੇਟ ਜੱਜ ਜੋਨਾਥਨ ਗੁਡਮੈਨ ਨੇ ਟਰੰਪ ਨੂੰ ਇਸ ਮਾਮਲੇ 'ਚ ਕਿਸੇ ਵੀ ਗਵਾਹ ਨਾਲ ਗੱਲ ਨਾ ਕਰਨ ਲਈ ਕਿਹਾ ਜਿਨ੍ਹਾਂ 'ਚ ਵਾਲਟ ਨਾਓਟਾ ਵੀ ਸ਼ਾਮਲ ਹਨ। ਟਰੰਪ ਨੇ ਇਸ ਮਗਰੋਂ ਸਿਰਫ਼ ਆਪਣੇ ਵਕੀਲਾਂ ਨਾਲ ਹੀ ਗੱਲਬਾਤ ਕੀਤੀ। ਬਲਾਂਸ਼ੇ ਨੇ ਜੱਜ ਦੇ ਨਿਰਦੇਸ਼ਾਂ 'ਤੇ ਇਤਰਾਜ਼ ਜਤਾਇਆ ਅਤੇ ਕਿਹਾ ਕਿ ਨਾਓਟਾ ਅਤੇ ਕਈ ਗਵਾਹ ਟਰੰਪ ਦੇ ਮੁਲਾਜ਼ਮ ਅਤੇ ਸੁਰੱਖਿਆ ਕਰਮੀ ਹਨ। ਜੱਜ ਨੇ ਮੁੜ ਕਿਹਾ ਕਿ ਟਰੰਪ ਨੂੰ ਨਾਓਟਾ ਜਾਂ ਗਵਾਹਾਂ ਨਾਲ ਕੇਸ ਦੇ ਤੱਥਾਂ ਬਾਰੇ ਗੱਲ ਨਹੀਂ ਕਰਨੀ ਚਾਹੀਦੀ ਹੈ। ਸੁਣਵਾਈ ਦੌਰਾਨ ਗੁਡਮੈਨ ਨੇ ਟਰੰਪ ਨੂੰ ਲਗਾਤਾਰ ਸਾਬਕਾ ਰਾਸ਼ਟਰਪਤੀ ਕਿਹਾ ਜਦਕਿ ਉਨ੍ਹਾਂ ਦੇ ਵਕੀਲ ਰਾਸ਼ਟਰਪਤੀ ਟਰੰਪ ਆਖ ਕੇ ਸੰਬੋਧਨ ਕਰਦੇ ਰਹੇ। ਕਰੀਬ 45 ਮਿੰਟ ਦੀ ਸੁਣਵਾਈ ਦੌਰਾਨ ਇਸ ਗੱਲ 'ਤੇ ਕੋਈ ਚਰਚਾ ਨਹੀਂ ਹੋਈ ਕਿ ਟਰੰਪ ਨੂੰ ਅਗਲੀ ਵਾਰ ਅਦਾਲਤ 'ਚ ਕਦੋਂ ਅਤੇ ਕਿਥੇ ਪੇਸ਼ ਹੋਣਾ ਹੋਵੇਗਾ। ਜੇਕਰ ਟਰੰਪ ਨੂੰ ਇਸ ਮਾਮਲੇ 'ਚ ਦੋਸ਼ੀ ਕਰਾਰ ਦਿੱਤਾ ਗਿਆ ਤਾਂ ਉਨ੍ਹਾਂ ਨੂੰ ਕਈ ਸਾਲ ਜੇਲ੍ਹ ਦੀ ਸਜ਼ਾ ਸਾਹਮਣਾ ਕਰਨਾ ਪੈ ਸਕਦਾ ਹੈ।

## ਮੋਦੀ ਦਾ ਅਮਰੀਕਾ ਤੇ ਮਿਸਰ ਦਾ ਦੌਰਾ 20 ਤੋਂ

ਨਵੀਂ ਦਿੱਲੀ-ਪ੍ਰਧਾਨ ਮੰਤਰੀ ਨਰਿੰਦਰ ਮੋਦੀ 20 ਤੋਂ 25 ਜੂਨ ਤੱਕ ਅਮਰੀਕਾ ਅਤੇ ਮਿਸਰ ਦਾ ਦੌਰਾ ਕਰਨਗੇ। ਵਿਦੇਸ਼ ਮੰਤਰਾਲੇ ਨੇ ਇਹ ਜਾਣਕਾਰੀ ਦਿੱਤੀ। ਸ੍ਰੀ ਮੋਦੀ 22 ਜੂਨ ਨੂੰ ਵਾਸ਼ਿੰਗਟਨ ਵਿੱਚ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨਾਲ ਮੁਲਾਕਾਤ ਕਰਨਗੇ। ਅਮਰੀਕੀ ਰਾਸ਼ਟਰਪਤੀ ਅਤੇ ਪ੍ਰਥ ਮਹਿਲਾ ਜਿਲ ਬਾਇਡਨ 22 ਜੂਨ ਨੂੰ ਪ੍ਰਧਾਨ ਮੰਤਰੀ ਮੋਦੀ ਦੇ ਸਨਮਾਨ ਵਿੱਚ ਰਾਤ ਦੇ ਖਾਣੇ ਦੀ ਮੇਜ਼ਬਾਨੀ ਕਰਨਗੇ। ਸ੍ਰੀ ਮੋਦੀ 21 ਜੂਨ ਨੂੰ ਨਿਊਯਾਰਕ ਸਥਿਤ ਸੰਯੁਕਤ ਰਾਸ਼ਟਰ ਦੇ ਹੈੱਡਕੁਆਰਟਰ ਵਿਖੇ ਅੰਤਰਰਾਸ਼ਟਰੀ ਯੋਗ ਦਿਵਸ ਸਮਾਰੋਹ ਦੀ ਅਗਵਾਈ ਕਰਨਗੇ। 22 ਜੂਨ ਨੂੰ ਅਮਰੀਕੀ ਕਾਂਗਰਸ ਦੀ ਸਾਂਝੀ ਬੈਠਕ ਨੂੰ ਸੰਬੋਧਿਤ ਕਰਨਗੇ ਅਤੇ ਇਕ ਦਿਨ ਬਾਅਦ 23 ਜੂਨ ਨੂੰ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਅਤੇ ਵਿਦੇਸ਼ ਮੰਤਰੀ ਐਂਟਨੀ ਬਲਿੰਕਨ ਉਨ੍ਹਾਂ ਦੇ ਸਨਮਾਨ ਵਿਚ ਦੁਪਹਿਰ ਦੇ ਖਾਣੇ ਦੀ ਮੇਜ਼ਬਾਨੀ ਕਰਨਗੇ।

## ਅਦਾਲਤ ਵੱਲੋਂ ਮੀਕਾ-ਰਾਖੀ ਸਾਵੰਤ ਵਿਵਾਦ ਸਬੰਧੀ ਕੇਸ ਖਾਰਜ



ਮੁੰਬਈ-ਬੰਬੇ ਹਾਈ ਕੋਰਟ ਨੇ ਅਦਾਕਾਰ ਰਾਖੀ ਸਾਵੰਤ ਨੂੰ ਕਥਿਤ ਤੌਰ 'ਤੇ ਜਬਰੀ ਚੁੰਮਣ ਸਬੰਧੀ ਗਾਇਕ ਮੀਕਾ ਸਿੰਘ ਖ਼ਿਲਾਫ਼ ਸਾਲ 2006 'ਚ ਦਰਜ ਕੀਤਾ ਗਿਆ ਕੇਸ ਅੱਜ ਖਾਰਜ ਕਰ ਦਿੱਤਾ ਹੈ। ਜਸਟਿਸ ਏਐੱਸ ਗਡਕਰੀ ਤੇ ਜਸਟਿਸ ਐੱਸਜੀ ਦੀਗੇ ਦੇ ਬੈਂਚ ਨੇ ਰਾਖੀ ਸਾਵੰਤ ਦੇ ਇੱਕ ਹਲਫਨਾਮੇ ਦਾ ਨੋਟਿਸ ਲੈਂਦਿਆਂ ਇਸ ਮਾਮਲੇ 'ਚ ਦਰਜ ਐੱਫਆਈਆਰ ਤੇ ਦੋਸ਼ ਪੱਤਰ ਖਾਰਜ ਕਰ ਦਿੱਤੇ ਹਨ। ਰਾਖੀ ਨੇ ਇਸ ਹਲਫਨਾਮੇ 'ਚ ਕਿਹਾ ਸੀ ਕਿ ਉਸ ਨੇ ਤੇ ਮੀਕਾ ਸਿੰਘ ਨੇ ਆਪਸੀ ਸਹਿਮਤੀ ਨਾਲ ਇਹ ਮਾਮਲਾ ਹੱਲ ਕਰ ਲਿਆ ਹੈ। ਮੀਕਾ ਸਿੰਘ ਦੇ ਜਨਮ ਦਿਨ ਦੀ ਪਾਰਟੀ ਮੌਕੇ ਵਾਪਰੀ ਇਸ ਘਟਨਾ ਦੇ ਸਬੰਧ ਵਿੱਚ 11 ਜੂਨ 2006 ਨੂੰ ਐਫਆਈਆਰ ਦਰਜ ਕੀਤੀ ਗਈ ਸੀ। ਮੀਕਾ ਨੇ ਇਸ ਸਾਲ ਅਪਰੈਲ 'ਚ ਹਾਈ ਕੋਰਟ 'ਚ ਪਹੁੰਚ ਕਰਕੇ ਐਫਆਈਆਰ ਤੇ ਦੋਸ਼ ਪੱਤਰ ਰੱਦ ਕਰਨ ਦੀ ਅਪੀਲ ਕੀਤੀ ਸੀ।

## ਸਰੀ ਪੁਲਿਸ ਯੂਨੀਅਨ ਪੁਲਿਸ ਪ੍ਰਬੰਧ ਫ਼ੈਸਲੇ 'ਤੇ ਵੋਟਿੰਗ ਤੋਂ ਦੂਰ ਰੱਖਣਾ ਚਾਹੁੰਦੀ ਹੈ ਕੌਂਸਲਰ ਨੂੰ

ਸਰੀ-ਸਰੀ ਪੁਲਿਸ ਸਰਵਿਸ ਅਫਸਰਾਂ ਦੀ ਪ੍ਰਤੀਨਿਧਤਾ ਕਰ ਰਹੀ ਸਰੀ ਪੁਲਿਸ ਯੂਨੀਅਨ ਸਰੀ ਕੌਂਸਲਰ ਨੂੰ ਸਰੀ ਵਿਚ ਪੁਲਿਸ ਪ੍ਰਬੰਧ ਬਾਰੇ ਅਹਿਮ ਫ਼ੈਸਲੇ 'ਤੇ ਵੋਟਿੰਗ ਤੋਂ ਆਪਣੇ ਆਪ ਨੂੰ ਦੂਰ ਰਹਿਣ ਲਈ ਕਹਿ ਰਹੀ ਹੈ। ਉਸ ਦਾ ਕਹਿਣਾ ਕਿ ਇਸ ਤਰ੍ਹਾਂ ਦੀ ਸਥਿਤੀ ਸ਼ਹਿਰ ਦੀ ਅਧਿਕਾਰਤ ਪੁਲਿਸ ਵਜੋਂ ਆਰਸੀਐਮਪੀ ਦੀ ਮਿਆਦ ਨੂੰ ਸੰਭਾਵਤ ਖ਼ਤਰੇ ਵਿਚ ਪਾ ਸਕਦੀ ਹੈ। ਯੂਨੀਅਨ ਨੇ ਇਕ ਪ੍ਰੈਸ ਰਿਲੀਜ਼ ਵਿਚ ਦੱਸਿਆ ਕਿ ਉਸ ਨੇ ਸਰੀ ਸਿਟੀ ਦੇ ਐਥਿਕ ਕਮਿਸ਼ਨਰ ਨੂੰ ਇਕ ਰਸਮੀ ਬੇਨਤੀ ਕਰਕੇ ਕੌਂਸਲਰ ਰੌਬ ਸਟੱਟ ਜਿਹੜਾ ਜਨਤਕ ਸੁਰੱਖਿਆ ਕਮੇਟੀ ਦੇ ਚੇਅਰਮੈਨ ਹੈ ਅਤੇ ਸਾਬਕਾ ਸਰੀ ਪੁਲਿਸ ਅਫਸਰ ਹੈ ਨੂੰ ਅੰਤਿਮ ਫ਼ੈਸਲੇ ਵਿਚ ਵੋਟਿੰਗ ਕਰਨ ਤੋਂ ਅਯੋਗ ਕਰਾਰ ਦੇਣ ਲਈ ਕਿਹਾ ਹੈ। ਇਸ ਮਹੀਨੇ ਕੌਂਸਲ ਵਲੋਂ ਇਹ ਫ਼ੈਸਲਾ ਲੈਣ ਦੀ ਆਸ ਹੈ ਕਿ ਸਰੀ ਦੀ ਪੁਲਿਸ ਆਰਸੀਐਮਪੀ ਰਹੇਗੀ ਜਾਂ ਐਸਪੀਐਸ ਹੋਵੇਗੀ। ਕੌਂਸਲ ਦੀ ਇਕ ਹੋਰ 19 ਜੂਨ ਨੂੰ ਮੀਟਿੰਗ ਹੋਵੇਗੀ। 5 ਜੂਨ ਦੀ ਪਿਛਲੀ ਮੀਟਿੰਗ ਵਿਚ ਸਰੀ ਦੀ ਮੇਅਰ ਬਰੈਂਡਾ ਲੋਕ ਨੇ ਕਿਹਾ ਸੀ ਕਿ ਉਸ ਦਾ ਟੀਚਾ ਸਿਟੀ ਸਟਾਫ ਨੂੰ ਇਸ ਮਹੀਨੇ ਕੌਂਸਲ ਸਾਹਮਣੇ ਵਿਆਪਕ ਕਾਰਪੋਰੇਟ ਰਿਪੋਰਟ ਪੇਸ਼ ਕਰਨ ਬਾਰੇ ਹੈ ਤਾਂ ਜੋ ਇਹ ਪੁਲਿਸ ਟਰਾਂਜ਼ੀਸ਼ਨ ਬਾਰੇ ਅੰਤਿਮ ਫ਼ੈਸਲਾ ਲੈ ਸਕੇ। ਫਰਵਰੀ ਮਹੀਨੇ ਯੂਨੀਅਨ ਨੇ ਕਮਿਸ਼ਨਰ ਕੋਲ ਸ਼ਿਕਾਇਤ ਦਾਇਰ ਕਰਕੇ ਸਟੱਟ 'ਤੇ ਕਨਫਲਿਕਟ-ਆਫ-ਇੰਟਰੈਸਟ ਦਾ ਦੋਸ਼ ਲਗਾਇਆ। ਇਸ ਦੇ ਪ੍ਰਧਾਨ ਰੌਬ ਸਟੇਵਾਰਟ ਨੇ ਇਕ ਬਿਆਨ ਵਿਚ ਦੋਸ਼ ਲਗਾਇਆ ਕਿ ਸਟੱਟ ਨੇ ਇਹ ਖੁਲਾਸਾ ਕਰਨ ਤੋਂ ਬਿਨ੍ਹਾਂ ਸਰੀ ਪੁਲਿਸ ਸਰਵਿਸ ਨੂੰ ਟਰਾਂਜ਼ੀਸ਼ਨ ਖਤਮ ਕਰਨ ਲਈ ਵੋਟ ਦਿੱਤਾ ਕਿ ਉਸ ਦਾ ਪੁੱਤਰ ਸਰੀ ਆਰਸੀਐਮਪੀ ਵਿਚ ਨੌਕਰ ਹੈ ਅਤੇ ਉਸ ਦੀ ਧੀ ਨੂੰ ਸਰੀ ਸਿਟੀ ਤੋਂ ਆਰਸੀਐਮਪੀ ਵਿਚ ਭੇਜਿਆ ਗਿਆ ਹੈ। ਸਟੱਟ ਨੇ ਨਾ ਹੀ ਆਪਣੇ ਆਪ ਨੂੰ ਫ਼ੈਸਲੇ ਤੋਂ ਦੂਰ ਰੱਖਿਆ।

ਸੁਪਰ ਵੀਜ਼ਾ ਇੰਸ਼ੋਰੈਂਸ
ਮੰਥਲੀ ਪੇਮੈਂਟ ਪਲੈਨ • 45% ਤੱਕ ਡਿਸਕਾਊਂਟ*
• ਲਾਈਫ • ਡਿਸੇਬਿਲਿਟੀ • ਕ੍ਰਿਟੀਕਲ ਇਲਨੈਸ
• ਬੱਚਿਆਂ ਲਈ ਇੰਸ਼ੋਰੈਂਸ • ਹੈਲਥ • ਟਰੈਵਲ • ਵਿਜ਼ਟਰ
ਇੰਡੀਪੈਂਡੇਂਟ ਬਰੋਕਰਜ਼ ਹੋਣ ਦੇ ਨਾਤੇ ਅਸੀਂ ਤੁਹਾਨੂੰ ਕਨੇਡਾ ਦੀਆਂ ਸਾਰੀਆਂ ਮੇਜਰ ਇੰਸ਼ੋਰੈਂਸ ਕੰਪਨੀਆਂ ਤੋਂ ਵਾਜਿਬ ਰੇਟ ਅਤੇ ਵਧੀਆ ਬੈਨੀਫਿਟਸ ਲੈ ਕੇ ਦਿੰਦੇ ਹਾਂ
YOUR INSURANCE ADVISOR
JATINDER SINGH BHATIA
Former Advocate (India)
ਜਤਿੰਦਰ ਸਿੰਘ ਭਾਟੀਆ
778.848.1287
jatinder.insurance@hotmail.com
14768-69A Ave, SURREY BC
*WITH DEDUCTIBLE.

India Bookworld
Shop Online At:
www.indiabookworld.ca
ਕਿਤਾਬਾਂ ਹੀ ਕਿਤਾਬਾਂ
ਧਰਮ, ਸੱਭਿਆਚਾਰ, ਇਤਿਹਾਸ, ਭਾਸ਼ਾ ਸਿੱਖਣ, ਬੱਚੇ, ਯੋਗਾ ਅਤੇ ਸਿਹਤ, ਰਸੋਈ, ਕਲਾ ਅਤੇ ਫਿਲਮਾਂ, ਜੋਤਿਸ਼ ਅਤੇ ਅੰਕ ਵਿਗਿਆਨ ਅੰਗਰੇਜ਼ੀ, ਪੰਜਾਬੀ, ਹਿੰਦੀ, ਉਰਦੂ, ਗੁਜਰਾਤੀ, ਬੰਗਾਲੀ ਅਤੇ ਹੋਰ ਭਾਰਤੀ ਭਾਸ਼ਾਵਾਂ ਵਿੱਚ।
ਹੱਸਦੇ ਰਹੋ ਹਸਾਉਂਦੇ ਰਹੋ
A HISTORY OF THE SIKHS — KHUSHWANT SINGH
CONDITION OF The Sikhs in CANADA 1901-2001 — Gurcharan Singh
ਧੁੱਪਾਂ-ਛਾਂਵਾਂ — ਨਰਿੰਦਰ ਸਿੰਘ ਕਪੂਰ
ਅਣਗਾਹੇ ਰਾਹ — ਕੈਨੇਡਾ ਦੇ ਸਿੱਖਾਂ ਦਾ ਹਾਸ਼ੀਏ ਤੋਂ ਮੁੱਖ ਧਾਰਾ 'ਚ ਪ੍ਰਵੇਸ਼ ਹੋਣ ਦਾ ਸੰਘਰਸ਼
604-593-5967 | 604-595-2923
Follow us at #
#117B-12888 - 80 Ave., Surrey
E: info@indiabookworld.ca

idea immigration
SUPER VISAS & PNPs
ਕੈਨੇਡਾ ਪਹੁੰਚਣ ਦਾ ਸੁਨਿਹਰੀ ਮੌਕਾ
iccrc crcic
CANADA IMMIGRATION
• Specialist in marriage appeals & residency appeals
• Under express entry program applicant can come to Canada within 6 month. For assessments you can visit or call.
• Immigration under investment programme
• ਭਾਰਤ ਵਿੱਚ ਰਹਿੰਦੇ ਆਪਣੇ ਰਿਸ਼ਤੇਦਾਰ, ਸੱਜਣ ਮਿੱਤਰ ਨੂੰ ਕੈਨੇਡਾ ਬੁਲਾਉ
• 6 ਤੋਂ 8 ਮਹੀਨੇ 'ਚ ਨੈਨੀ ਮੰਗਵਾਉ
• ਕੈਨੇਡਾ ਦੇ ਆਰਜ਼ੀ ਵਰਕ ਪਰਮਿਟ ਪੋਗਰਾਮ 'ਚ ਤਬਦੀਲੀਆਂ
ਜੇ ਤੁਹਾਡੇ ਵਿਆਹ ਦਾ ਕੇਸ ਰਿਫਿਊਜ਼ ਹੋ ਗਿਆ ਅਤੇ ਅਪੀਲ ਕਰਨਾ ਚਾਹੁੰਦੇ ਹੋ?
ਜੇ ਤੁਸੀ ਸਟੂਡੈਂਟ ਹੋ ਅਤੇ ਕੈਨੇਡਾ ਵਿਚ ਪੱਕੇ ਹੋਣਾ ਚਾਹੁੰਦੇ ਹੋ?
ਜੇ ਵਿਜ਼ਟਰ ਵੀਜ਼ੇ ਤੇ ਆਏ ਹੋ, ਪੀ.ਆਰ. ਲੈਣਾ ਚਾਹੁੰਦੇ ਹੋ?
...ਤਾਂ ਸਲਾਹ ਮਸ਼ਵਰੇ ਲਈ ਅੱਜ ਹੀ ਸਾਨੂੰ ਮਿਲੋ
ਸੁਪਰ ਵੀਜ਼ਾ, ਵਿਜ਼ਟਰ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ, ਮਲਟੀਪਲ ਵੀਜ਼ਾ, LMIA ਲੈਣ ਲਈ ਸਾਡੀਆਂ ਸੇਵਾਵਾਂ ਲਓ।
ਪੀ.ਆਰ. ਕਾਰਡ ਬਣਵਾਉਣ ਅਤੇ ਸਿਟੀਜ਼ਨਸ਼ਿਪ ਲੈਣ ਲਈ ਸੰਪਰਕ ਕਰੋ।
Navneet Sharma 778-320-0620
Ph:604-597-1119 | Fax:604-593-5099
#209-7928, 128st. Surrey BC V3W 4E8
info@ideaimmigration.com | www.ideaimmigration.com

# ਵੀਜ਼ਾ ਧੋਖਾਧੜੀ ਮਾਮਲਾ: ਨਿੱਜੀ ਘੋਖ-ਪੜਤਾਲ ਤੈਅ ਕਰੇਗੀ ਹਰ ਵਿਦਿਆਰਥੀ ਦਾ ਭਵਿੱਖ

ਵੈਨਕੂਵਰ-ਕੈਨੇਡਾ ਦੇ ਆਵਾਸ ਮੰਤਰੀ ਸ਼ੌਨ ਫ਼ਰੇਜ਼ਰ ਨੇ ਡਿਪੋਰਟ ਹੋਣ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਭਾਰਤੀ ਵਿਦਿਆਰਥੀਆਂ ਦੇ ਮਾਮਲੇ 'ਚ ਮੀਡੀਆ ਰਿਪੋਰਟਾਂ 'ਤੇ ਪ੍ਰਤੀਕਿਰਿਆ ਦਿੰਦਿਆਂ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਸਮੁੱਚੇ ਵਿਦਿਆਰਥੀਆਂ ਦੇ ਭਵਿੱਖ ਬਾਰੇ ਫ਼ਿਲਹਾਲ ਕੋਈ ਭਰੋਸਾ ਨਹੀਂ ਦਿੱਤਾ ਹੈ। ਉਨ੍ਹਾਂ ਕਿਹਾ ਕਿ ਦੇਸ਼ ਨਿਕਾਲੇ ਦੇ ਠੱਪੇ ਵਾਲੇ (ਡਿਪੋਰਟੇਸ਼ਨ) ਵਿਦਿਆਰਥੀਆਂ ਦੀਆਂ ਫਾਈਲਾਂ ਦੀ ਵਿਅਕਤੀਗਤ ਪੱਧਰ ਉਤੇ ਜਾਂਚ ਕਰ ਕੇ ਇਸ ਸਬੰਧੀ ਫੈਸਲਾ ਕੀਤਾ ਜਾਵੇਗਾ, ਜੋ ਹਰੇਕ ਲਈ ਵੱਖ-ਵੱਖ ਹੋ ਸਕਦਾ ਹੈ। ਆਵਾਸ ਮੰਤਰੀ ਨੇ ਕਿਹਾ ਕਿ ਅਜਿਹੇ ਵਿਦਿਆਰਥੀ ਜੋ ਜ਼ਿਆਦਾਤਰ ਭਾਰਤ ਤੋਂ ਹਨ, ਨੂੰ ਸੁਣਵਾਈ ਦਾ ਮੌਕਾ ਦੇ ਕੇ ਇਹ ਪਤਾ ਲਾਇਆ ਜਾਵੇਗਾ ਕਿ ਉਹ ਪੀੜਤ ਹਨ ਜਾਂ ਉਨ੍ਹਾਂ ਨੂੰ ਇਸ ਧੋਖਾਧੜੀ ਬਾਰੇ ਜਾਣਕਾਰੀ ਸੀ। ਉਨ੍ਹਾਂ ਕਿਹਾ ਕਿ ਜਿਹੜੇ ਵਿਦਿਆਰਥੀ ਪੜ੍ਹਾਈ ਦੇ ਉਦੇਸ਼ ਨਾਲ ਕੈਨੇਡਾ ਵਿਚ ਹਨ, ਉਨ੍ਹਾਂ ਨੂੰ ਪੀੜਤ ਮੰਨ ਕੇ ਵਿਚਾਰਿਆ ਜਾਏਗਾ, ਪਰ ਜਿਹੜੇ ਪੜ੍ਹਾਈ ਦੇ ਪਰਦੇ 'ਚ ਸਥਾਈ ਰਿਹਾਇਸ਼ (ਪੀਆਰ) ਦੇ ਇਰਾਦੇ ਨਾਲ ਆਏ ਹਨ, ਉਨ੍ਹਾਂ ਨੂੰ ਹਰ ਹਾਲਤ ਵਾਪਸ ਭੇਜਿਆ ਜਾਏਗਾ। ਮੰਤਰੀ ਨੇ ਕਿਹਾ ਕਿ ਕੈਨੇਡਾ ਸਰਹੱਦੀ ਸੁਰੱਖਿਆ ਏਜੰਸੀ (ਸੀਬੀਐੱਸਏ) ਦੇ ਅਫ਼ਸਰਾਂ ਨੂੰ ਇਸ ਬਾਰੇ ਨਿਰਦੇਸ਼ ਦਿੱਤੇ ਗਏ ਹਨ, ਹਰੇਕ ਵਿਦਿਆਰਥੀ ਦੀ ਸੁਣਵਾਈ ਕਰ ਕੇ ਸੱਚਾਈ ਪਰਖਣ ਤੋਂ ਬਾਅਦ ਹੀ ਅਗਲੀ ਕਾਰਵਾਈ ਕੀਤੀ ਜਾਵੇਗੀ। ਮੰਤਰੀ ਨੇ ਕਿਹਾ ਕਿ ਹਰੇਕ ਕੇਸ ਦਾ ਵਿਸ਼ਲੇਸ਼ਣ ਕੀਤੇ ਜਾਣ ਤੱਕ 'ਅੰਤਰਿਮ ਮਿਆਦ' ਲਈ ਵਿਦਿਆਰਥੀਆਂ ਦਾ ਦੇਸ਼ ਨਿਕਾਲਾ ਫ਼ਿਲਹਾਲ ਰੋਕਿਆ ਜਾ ਰਿਹਾ ਹੈ। ਜਾਂਚ ਲਈ ਆਈਆਰਸੀਸੀ ਤੇ ਸੀਬੀਐੱਸਏ ਦੇ ਸੀਨੀਅਰ ਅਧਿਕਾਰੀਆਂ ਦੀ ਇੱਕ 'ਟਾਸਕ ਫੋਰਸ' ਬਣਾਈ ਜਾ ਰਹੀ ਹੈ ਮੰਤਰੀ ਫਰੇਜ਼ਰ ਨੇ ਕਿਹਾ ਕਿ ਜਿਹੜਾ ਵਿਦਿਆਰਥੀ ਕੈਨੇਡਾ ਅਸਲ 'ਚ ਪੜ੍ਹਾਈ ਕਰਨ ਦੇ ਹੀ ਇਰਾਦੇ ਨਾਲ ਆਇਆ ਸੀ, ਤੇ ਉਸ ਨੂੰ ਧੋਖਾਧੜੀ ਵਾਲੇ ਦਸਤਾਵੇਜ਼ਾਂ ਬਾਰੇ ਜਾਣਕਾਰੀ ਨਹੀਂ ਸੀ, ਉਸ ਨੂੰ ਅਸਥਾਈ ਵਸਨੀਕ ਪਰਮਿਟ (ਟੈਂਪਰੇਰੀ ਰੈਜ਼ੀਡੈਂਟ ਪਰਮਿਟ) ਜਾਰੀ ਕਰਨ ਲਈ ਹਦਾਇਤਾਂ ਦਿੱਤੀਆਂ



ਗਈਆਂ ਹਨ। ਦੱਸਣਯੋਗ ਹੈ ਕਿ ਇਹ ਸਾਰੇ ਵਿਦਿਆਰਥੀ ਜਲੰਧਰ ਅਧਾਰਿਤ ਏਜੰਟ ਬ੍ਰਿਜੇਸ਼ ਮਿਸ਼ਰਾ ਵੱਲੋਂ 2018-19 ਤੇ 2020 'ਚ ਕਥਿਤ ਜਾਅਲੀ ਦਸਤਾਵੇਜ਼ਾਂ ਦੇ ਅਧਾਰ 'ਤੇ ਵੀਜਾ ਲਗਵਾ ਕੇ ਭੇਜੇ ਗਏ ਸਨ, ਜਿਨ੍ਹਾਂ ਜਦ ਪੱਕੇ ਹੋਣ ਲਈ ਫਾਈਲਾਂ ਭਰੀਆਂ ਤਾਂ ਇਸ ਧੋਖਾਧੜੀ ਦਾ ਖੁਲਾਸਾ ਹੋਇਆ ਹੈ। ਜਾਣਕਾਰੀ ਅਨੁਸਾਰ ਬ੍ਰਿਜੇਸ਼ ਮਿਸ਼ਰਾ ਦਫ਼ਤਰ ਬੰਦ ਕਰਕੇ ਰੂਪੋਸ਼ ਹੋ ਚੁੱਕਾ ਹੈ।

ਅਜਿਹੇ ਵਿਦਿਆਰਥੀਆਂ ਦੀ ਗਿਣਤੀ 600-700 ਦੇ ਵਿਚਾਲੇ ਹੈ, ਉਨ੍ਹਾਂ ਸਿਰ ਕਈ ਮਹੀਨਿਆਂ ਤੋਂ ਦੇਸ਼ ਨਿਕਾਲੇ ਦੀ ਤਲਵਾਰ ਲਟਕ ਰਹੀ ਹੈ ਤੇ ਉਹ ਆਪਣੀ ਮਸੂਮੀਅਤ ਦੀ ਗੁਹਾਰ ਲਗਾ ਰਹੇ ਹਨ। ਉਨ੍ਹਾਂ ਟੋਰਾਂਟੋਂ ਏਅਰਪੋਰਟ ਰੋਡ ਉਤੇ ਕਈ ਦਿਨਾਂ ਤੋਂ ਧਰਨਾ ਵੀ ਲਾਇਆ ਹੋਇਆ ਹੈ। ਕੈਨੇਡੀਅਨ ਮੰਤਰੀ ਨੇ ਕਿਹਾ ਕਿ ਉਹ ਕੌਮਾਂਤਰੀ ਵਿਦਿਆਰਥੀਆਂ ਵੱਲੋਂ ਦੇਸ਼ ਲਈ ਦਿੱਤੇ ਜਾਂਦੇ ਯੋਗਦਾਨ ਨੂੰ ਮਾਨਤਾ ਦਿੰਦੇ ਹਨ। ਉਨ੍ਹਾਂ ਸਟੱਡੀ ਪਰਮਿਟ ਲਈ ਅਰਜ਼ੀ ਦੇਣ ਵਾਲਿਆਂ ਨੂੰ ਬੇਨਤੀ ਕੀਤੀ ਕਿ ਉਹ ਆਪਣੇ ਪੱਧਰ ਉਤੇ ਵੀ ਸਾਰੀ ਪ੍ਰਕਿਰਿਆ ਬਾਰੇ ਜਾਣਕਾਰੀ ਹਾਸਲ ਕਰਨ ਤੇ ਅਧਿਕਾਰਤ ਵੈੱਬਸਾਈਟਾਂ ਦੇਖਣ।

### ਅਠਾਰਾਂ ਦਿਨਾਂ ਤੋਂ ਦਿਨ-ਰਾਤ ਧਰਨੇ 'ਤੇ ਬੈਠੇ ਸਨ ਵਿਦਿਆਰਥੀ

ਭਾਰਤ ਵਾਪਸੀ ਦੇ ਖ਼ਤਰੇ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਨੇ ਟੋਰਾਂਟੋ ਏਅਰਪੋਰਟ ਰੋਡ ਉਤੇ ਕਈ ਦਿਨਾਂ ਤੋਂ ਧਰਨਾ ਵੀ ਲਾਇਆ ਹੋਇਆ ਸੀ। ਉਹ ਮਿਸੀਸਾਗਾ ਸਥਿਤ ਸੀਬੀਐੱਸਏ ਦੇ ਮੁੱਖ ਦਫ਼ਤਰ ਅੱਗੇ ਪਿਛਲੇ 18 ਦਿਨਾਂ ਤੋਂ ਦਿਨ-ਰਾਤ ਧਰਨੇ ਉਤੇ ਬੈਠੇ ਸਨ। ਹੁਣ 'ਡਿਪੋਰਟੇਸ਼ਨ' ਰੁਕਣ ਨਾਲ ਇਨ੍ਹਾਂ ਵਿਦਿਆਰਥੀਆਂ ਨੂੰ ਰਾਹਤ ਮਿਲੀ ਹੈ। ਜਾਂਚ ਮੁਕੰਮਲ ਹੋਣ ਤੱਕ ਇਨ੍ਹਾਂ ਦੀ ਭਾਰਤ ਵਾਪਸੀ ਉਤੇ ਰੋਕ ਲਾ ਦਿੱਤੀ ਗਈ ਹੈ। ਇਨ੍ਹਾਂ ਵਿਦਿਆਰਥੀਆਂ ਨੂੰ ਕਈ ਸਥਾਨਕ ਸੰਗਠਨਾਂ, ਭਾਈਚਾਰੇ ਦੇ ਮੈਂਬਰਾਂ, ਸਥਾਨਕ ਕਾਰੋਬਾਰਾਂ ਤੇ ਕਲਾਕਾਰਾਂ ਦੀ ਹਮਾਇਤ ਵੀ ਮਿਲੀ ਹੈ।

### ਪੀੜਤਾਂ ਤੇ ਧੋਖਾਧੜੀ ਕਰਨ ਵਾਲਿਆਂ ਦਾ ਕੀਤਾ ਜਾਵੇਗਾ ਨਿਖੇੜਾ

ਐੱਨਡੀਪੀ ਸੰਸਦ ਮੈਂਬਰ ਜੈਨੀ ਕਵਾਨ ਦੇ ਸਵਾਲ ਦਾ ਜਵਾਬ ਦਿੰਦਿਆਂ ਆਵਾਸ ਮੰਤਰੀ ਸ਼ੌਨ ਫਰੇਜ਼ਰ ਨੇ ਸਪੱਸ਼ਟ ਕੀਤਾ ਕਿ ਪੀੜਤਾਂ ਤੇ ਧੋਖਾਧੜੀ ਕਰਨ ਵਾਲਿਆਂ ਦਾ ਨਿਖੇੜਾ ਹੀ ਮਸਲੇ ਦਾ ਸਹੀ ਹੱਲ ਹੈ। ਸੀਬੀਐੱਸਏ ਨਾਲ ਸਬੰਧਤ ਅਧਿਕਾਰੀ ਨੇ ਪਛਾਣ ਨਸ਼ਰ ਨਾ ਕਰਨ ਦੀ ਸ਼ਰਤ ਉਤੇ ਦੱਸਿਆ ਕਿ ਉਹ ਹਰੇਕ ਵਿਦਿਆਰਥੀ ਦੀ ਫਾਈਲ ਦੀ ਬਾਰੀਕੀ ਨਾਲ ਜਾਂਚ ਕਰ ਕੇ ਇਹ ਨਿਸ਼ਚਿਤ ਕਰਨਗੇ ਕਿ ਵਿਦਿਆਰਥੀ ਦਾ ਕੈਨੇਡਾ ਆਉਣ ਦਾ ਅਸਲ ਮਕਸਦ ਕੀ ਸੀ। ਉਨ੍ਹਾਂ ਦਾ ਇੱਥੇ ਪਹੁੰਚਣ ਤੋਂ ਬਾਅਦ ਵਾਲਾ ਰਿਕਾਰਡ ਵੀ ਚੈੱਕ ਕੀਤਾ ਜਾਵੇਗਾ ਤੇ ਆਖਰੀ ਫੈਸਲਾ ਪੀੜਤਾਂ ਅਤੇ ਧੋਖਾਧੜੀ ਕਰਨ ਵਾਲਿਆਂ ਦੇ ਨਿਖੇੜੇ ਉਤੇ ਨਿਰਭਰ ਕਰੇਗਾ। ਉਨ੍ਹਾਂ ਕਿਹਾ ਕਿ ਸਿਰਫ਼ ਪੀੜਤਾਂ ਨੂੰ ਡਿਪੋਰਟ ਨਹੀਂ ਕੀਤਾ ਜਾਵੇਗਾ, ਪਰ ਧੋਖੇ ਦੇ ਇਰਾਦੇ ਨਾਲ ਇੱਥੇ ਪਹੁੰਚਣ ਵਾਲਿਆਂ ਨਾਲ ਕੋਈ ਰਿਆਇਤ ਨਹੀਂ ਹੋਵੇਗੀ।

## ਫੈਡਰਲ ਸਰਕਾਰ ਨੇ ਜਾਅਲੀ ਸਵੀਕ੍ਰਿਤੀ ਪੱਤਰਾਂ ਨਾਲ ਧੋਖੇ ਦਾ ਸ਼ਿਕਾਰ ਹੋਏ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦੇਸ਼ ਨਿਕਾਲੇ ਹੁਕਮ ਨੂੰ ਰੋਕਿਆ

ਸਫ਼ਾ 1 ਦੀ ਬਾਕੀ

ਪਾਰਟੀਆਂ ਦੇ ਨੇਤਾ ਪੁੱਜੇ। ਐਨਡਪੀ ਐਮਪੀ ਜੈਨੀ ਕਵਾਨ ਜਿਹੜੀ ਪਿਛਲੇ ਹਫ਼ਤੇ ਧਰਨੇ 'ਤੇ ਪੁੱਜੀ ਨੇ ਕਿਹਾ ਕਿ ਫਰੇਜ਼ਰ ਦਾ ਐਲਾਨ ਉਤਸ਼ਾਹਿਤ ਕਰਨ ਵਾਲਾ ਹੈ ਪਰ ਉਨ੍ਹਾਂ ਅਫਸੋਸ ਜ਼ਾਹਿਰ ਕੀਤਾ ਕਿ ਉਨ੍ਹਾਂ ਨੇ ਪ੍ਰਭਾਵਤ ਵਿਦਿਆਰਥੀਆਂ ਲਈ ਲੰਬੇ ਸਮਾਂ ਦਾ ਹੱਲ ਮੁਹੱਈਆ ਨਹੀਂ ਕੀਤਾ।

### ਕੀ ਕਹਿੰਦੇ ਹਨ ਵਿਦਿਆਰਥੀ

ਰਮਨਜੋਤ ਬਰਾੜ ਉਨ੍ਹਾਂ ਵਿਦਿਆਰਥੀਆਂ ਵਿਚੋਂ ਇਕ ਹੈ ਜਿਹੜੀ ਘੁਟਾਲੇ ਦਾ ਸ਼ਿਕਾਰ ਹੋਈ ਹੈ। ਉਹ 2018 ਵਿਚ ਪੰਜਾਬ ਤੋਂ ਅੰਤਰਰਾਸ਼ਟਰੀ ਵਿਦਿਆਰਥੀ ਵਜੋਂ ਕੈਨੇਡਾ ਆਈ ਸੀ ਅਤੇ ਉਸ ਨੇ 2020 ਵਿਚ ਸੇਂਟ ਲਾਰੈਂਸ ਕਾਲਜ ਤੋਂ ਸੈਰਸਪਾਟਾ ਦੀ ਡਿਗਰੀ ਹਾਸਲ ਕੀਤੀ ਸੀ। ਉਸ ਨੇ ਫਿਰ ਵਰਕ ਪਰਮਿਟ ਲਿਆ। ਜਦੋਂ ਬਰਾੜ ਨੇ ਪੀਆਰ ਲਈ ਅਪਲਾਈ ਕੀਤਾ ਤਾਂ ਸੀਬੀਐਸਏ ਨੇ ਉਸ ਨੂੰ ਦੱਸਿਆ ਕਿ ਉਸ ਦਾ ਸਵੀਕ੍ਰਿਤੀ ਪੱਤਰ ਜਾਅਲੀ ਹੈ। ਉਹ ਉਸ ਸਮੇਂ ਤੋਂ ਇਮੀਗ੍ਰੇਸ਼ਨ ਵਕੀਲਾਂ ਦੀਆਂ ਫੀਸਾਂ 'ਤੇ ਲਗਪਗ 20000 ਡਾਲਰ ਖਰਚ ਚੁੱਕੀ ਹੈ। ਉਹ ਕਹਿੰਦੀ ਹੈ ਕਿ ਉਨ੍ਹਾਂ ਨੇ ਸਾਨੂੰ ਵੀਜ਼ਾ ਦਿੱਤਾ, ਵਰਕ ਪਰਮਿਟ ਦਿੱਤਾ ਅਤੇ ਪੰਜ ਸਾਲ ਪਿੱਛੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਸਾਡਾ ਦਸਤਾਵੇਜ਼ ਜਾਅਲੀ ਹੈ। ਜਦੋਂ ਅਸੀਂ ਪੀਅਰਸਨ ਹਵਾਈਅੱਡੇ 'ਤੇ ਉੱਤਰੇ ਸੀ ਤਾਂ ਉਸ ਸਮੇਂ ਉਨ੍ਹਾਂ ਨੇ ਜਾਂਚ ਕਿਉਂ ਨਹੀਂ ਕੀਤੀ ? ਮਿਸ ਬਰਾੜ ਦਾ ਕਹਿਣਾ ਕਿ ਸੀਬੀਐਸਏ ਨੂੰ ਧਿਆਨ ਨਾਲ ਕੰਮ ਕਰਨ ਵਿਚ ਕਮੀ ਦੀ ਕੁਝ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ।

## ਗਿਆਨੀ ਹਰਪ੍ਰੀਤ ਸਿੰਘ ਨੇ ਜਥੇਦਾਰੀ ਛੱਡਣ ਦੀ ਇੱਛਾ ਪ੍ਰਗਟਾਈ ਸੀ-ਧਾਮੀ

ਸਫ਼ਾ 3 ਦੀ ਬਾਕੀ

ਹਰਿਮੰਦਰ ਸਾਹਿਬ ਦੇ ਐਕਟਿੰਗ ਹੈੱਡ ਗ੍ਰੰਥੀ ਵਜੋਂ ਸੇਵਾਵਾਂ ਨਿਭਾਅ ਰਹੇ ਹਨ ਪਰ ਉਹ ਹੁਣ ਪਹਿਲਾਂ ਵਾਂਗ ਹੀ ਵਧੀਕ ਹੈੱਡ ਗ੍ਰੰਥੀ ਵਜੋਂ ਸੇਵਾਵਾਂ ਨਿਭਾਉਂਦੇ ਰਹਿਣਗੇ। ਸ੍ਰੀ ਧਾਮੀ ਨੇ ਦਾਅਵਾ ਕੀਤਾ ਕਿ ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸਵੈਇੱਛਾ ਨਾਲ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਦੀਆਂ ਸੇਵਾਵਾਂ ਨੂੰ ਛੱਡਿਆ ਹੈ। ਗਿਆਨੀ ਹਰਪ੍ਰੀਤ ਸਿੰਘ ਆਸਟਰੇਲੀਆ ਦੌਰੇ 'ਤੇ ਹਨ ਅਤੇ ਅੱਜ-ਕੱਲ੍ਹ ਵਿਚ ਵਾਪਸੀ ਕਰ ਰਹੇ ਹਨ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਦੱਸਿਆ ਕਿ ਇਸ ਸਬੰਧ ਵਿੱਚ ਗਿਆਨੀ ਹਰਪ੍ਰੀਤ ਸਿੰਘ ਨਾਲ ਨਾਲ ਗੱਲਬਾਤ ਹੋ ਚੁੱਕੀ ਹੈ। ਜ਼ਿਕਰਯੋਗ ਹੈ ਕਿ ਗਿਆਨੀ ਹਰਪ੍ਰੀਤ ਸਿੰਘ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਰਾਘਵ ਚੱਢਾ ਦੀ ਮੰਗਣੀ ਵਿੱਚ ਸ਼ਾਮਲ ਹੋਏ ਸਨ ਤੇ ਉਸ ਤੋਂ ਬਾਅਦ ਉਹ ਵਿਵਾਦ ਦੇ ਘੇਰੇ ਵਿੱਚ ਸਨ। ਸ਼੍ਰੋਮਣੀ ਅਕਾਲੀ ਦਲ ਵੱਲੋਂ ਵੀ ਉਨ੍ਹਾਂ ਦੀ ਸ਼ਮੂਲੀਅਤ 'ਤੇ ਕਿੰਤੂ-ਪ੍ਰੰਤੂ ਕੀਤਾ ਗਿਆ ਸੀ।

## ਗਿਆਨੀ ਰਘਬੀਰ ਸਿੰਘ ਅਕਾਲ ਤਖ਼ਤ ਸਾਹਿਬ ਦੇ ਨਵੇਂ ਜਥੇਦਾਰ ਨਿਯੁਕਤ

ਸਫ਼ਾ 3 ਦੀ ਬਾਕੀ

1970 ਵਿਚ ਅੰਮ੍ਰਿਤਸਰ ਸਾਹਿਬ ਦੇ ਪਿੰਡ ਸੁਲਤਾਨ ਵਿੰਡ ਪੱਤੀ ਮਨਸੂਰ ਵਿਖੇ ਹੋਇਆ ਤੇ ਅਤੇ 1989 'ਚ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਿੱਚ ਨੌਕਰੀ ਸ਼ੁਰੂ ਕੀਤੀ ਸੀ। ਗਿਆਨੀ ਰਘਬੀਰ ਸਿੰਘ ਨੇ ਅੰਮ੍ਰਿਤਸਰ 'ਚ 1992 ਤੋਂ 1995 ਤੱਕ ਬਤੌਰ ਗ੍ਰੰਥੀ ਵੱਖ ਵੱਖ ਸਥਾਨਾਂ ਤੇ ਸੇਵਾਵਾਂ ਦਿੱਤੀਆਂ। 1995 ਵਿਚ ਉਨ੍ਹਾਂ ਨੂੰ ਅਕਾਲ ਤਖ਼ਤ ਸਾਹਿਬ ਵਿਖੇ ਪੰਜ ਪਿਆਰਾ ਨਿਯੁਕਤ ਕੀਤਾ ਗਿਆ, ਜਿੱਥੇ ਉਹ 2014 ਤੱਕ ਸੇਵਾ ਕਰਦੇ ਰਹੇ। 21 ਅਪਰੈਲ 2014 ਨੂੰ ਸ਼੍ਰੋਮਣੀ ਕਮੇਟੀ ਵੱਲੋਂ ਉਨ੍ਹਾਂ ਨੂੰ ਸੱਚਖੰਡ ਹਰਮੰਦਿਰ ਸਾਹਿਬ ਵਿਖੇ ਗ੍ਰੰਥੀ ਸਿੰਘ ਦੀ ਸੇਵਾ ਸੰਭਾਲੀ ਗਈ ਤੇ 2017 ਤੱਕ ਉਨ੍ਹਾਂ ਇਹ ਸੇਵਾ ਨਿਭਾਈ। ਗਿਆਨੀ ਰਘਬੀਰ ਸਿੰਘ ਨੇ ਦੇਸ਼ਾਂ ਵਿਦੇਸ਼ਾਂ ਦੀ ਸੰਗਤ ਨੂੰ ਅਕਾਲ ਤਖ਼ਤ ਸਾਹਿਬ ਅਤੇ ਗੁਰੂ ਚਰਨਾਂ ਨਾਲ ਜੋੜਨ ਲਈ ਹਮੇਸ਼ਾ ਮੋਹਰੀ ਭੂਮਿਕਾ ਨਿਭਾਈ ਹੈ। ਜ਼ਿਲ੍ਹਾ ਅੰਮ੍ਰਿਤਸਰ ਸਾਹਿਬ ਦੇ ਜੰਮਪਲ ਗਿਆਨੀ ਸੁਲਤਾਨ ਸਿੰਘ ਨੇ ਆਪਣੀਆਂ ਸੇਵਾਵਾਂ ਬਤੌਰ ਗ੍ਰੰਥੀ ਸਿੰਘ ਸ਼ੁਰੂ ਕੀਤੀਆਂ ਸਨ ਤੇ ਉਸ ਉਪਰੰਤ ਉਹ ਬਤੌਰ ਪੰਜ ਪਿਆਰਾ ਅਤੇ ਅਰਦਾਸੀਆ ਸਿੰਘ ਵੀ ਸੇਵਾਵਾਂ ਨਿਭਾਉਂਦੇ ਰਹੇ। ਸਾਲ 2021 ਤੋਂ ਉਹ ਹਰਮਿੰਦਰ ਸਾਹਿਬ ਵਿਖੇ ਬਤੌਰ ਗ੍ਰੰਥੀ ਸਿੰਘ ਸੇਵਾਵਾਂ ਨਿਭਾਅ ਰਹੇ ਸਨ।


ਸਟ੍ਰੋਕ ਦੇ ਸੰਕੇਤਾਂ ਨੂੰ ਜਾਣੋ

**F**ace ਚਿਹਰਾ: ਕੀ ਚਿਹਰਾ ਹੇਠਾਂ ਨੂੰ ਢਿਲਕ ਰਿਹਾ ਹੈ?

**A**rms ਬਾਹਵਾਂ: ਕੀ ਤੁਸੀਂ ਆਪਣੀਆਂ ਬਾਹਵਾਂ ਉੱਪਰ ਨੂੰ ਚੁੱਕ ਸਕਦੇ ਹੋ?

**S**peech ਗੱਲ-ਬਾਤ: ਕੀ ਤੁਹਾਡੀ ਗੱਲ-ਬਾਤ ਅਸਪਸ਼ਟ ਹੋ ਰਹੀ ਹੈ?

**T**ime ਸਮੇਂ: ਸਮੇਂ ਦੀ ਅਹਿਮੀਅਤ ਸਮਝੋ - ਝਟਪਟ 9-1-1 'ਤੇ ਫੋਨ ਕਰੋ।

FAST ਕਿਰਿਆ ਕਰੋ। ਜੀਵਨ ਨੂੰ ਬਚਾਉਣ ਵਾਲਾ ਇਲਾਜ ਤੁਹਾਡੇ ਦੁਆਰਾ 9-1-1 ਤੇ ਕਾਲ ਕਰਨ ਦੇ ਸਕਿੰਟ ਨਾਲ ਸ਼ੁਰੂ ਹੁੰਦਾ ਹੈ।

heartandstroke.ca/punjabi

Heart &Stroke™

BRITISH COLUMBIA
Supported by the Province of British Columbia

© Heart and Stroke Foundation of Canada, 2022 | ™ The heart and / Icon on its own and the heart and / Icon followed by another icon or words are trademarks of the Heart and Stroke Foundation of Canada.



REAL ESTATE BUY & SELL
KULWANT ATWAL
604-716-2135

MORTGAGES 1st, 2nd or Private
BHAJAN ATWAL
604-773-8426

BUILD WITH WARRANTY
BUILD, SUPPORT & ADVICE TEAM WORK
604-773-8426
604-594-7592



Save Commissions & Get Sold Guaranteed
We Help Buyers With Cash Back
Buy, Sell, Mortgage or Build With Us:



amex A Mark of EXcellence
CENTUM

You Will Save Thousands Thousands Dollars

Buy With Us: Get Full Support
Sell With Us: Save Money
Build With Us: Warranty & Support

"Pre-Register Your House To Sell & Save Thousands Dollars & Guaranteed Sold"

RESIDENTIAL
CONSTRUCTION
COMMERCIAL
NEW IMMIGRANTS
SELF EMPLOYED

PRIVATE MORTGAGES
Support & Good Advice
Best Rate Honest Approach
Quick Approval & No Bank Rules*
Some conditions Apply

Real Estate, Mortgage, Build & Warranty, Private Mortgages
604-716-2135 604-773-8426

ਡੇਵਿਡ ਜੌਹਨਸਟਨ ਦਾ ਅਸਤੀਫਾ...

# ਕੈਨੇਡੀਅਨ ਸਿਆਸਤ ਵਿਚ ਵਿਦੇਸ਼ੀ ਦਖਲਅੰਦਾਜ਼ੀ ਦਾ ਮੁੱਦਾ

**ਸੁਖਵਿੰਦਰ ਸਿੰਘ ਚੋਹਲਾ**

ਪ੍ਰਧਾਨ ਮੰਤਰੀ ਟਰੂਡੋ ਵਲੋਂ ਕੈਨੇਡੀਅਨ ਸਿਆਸਤ ਵਿਚ ਵਿਦੇਸ਼ੀ ਦਖਲਅੰਦਾਜੀ ਦੀ ਜਾਂਚ ਲਈ ਨਿਯੁਕਤ ਕੀਤੇ ਗਏ ਵਿਸ਼ੇਸ਼ ਜਾਂਚ ਅਧਿਕਾਰੀ ਸਾਬਕਾ ਗਵਰਨਰ ਜਨਰਲ ਡੇਵਿਡ ਜੌਹਨਸਟਨ ਨੇ ਆਖਰ ਆਪਣੇ ਅਹੁਦੇ ਤੋਂ ਹਟਣ ਦਾ ਐਲਾਨ ਕਰ ਦਿੱਤਾ ਹੈ। ਪਹਿਲਾਂ ਉਹਨਾਂ ਵਲੋਂ ਇਹ ਕਿਹਾ ਜਾ ਰਿਹਾ ਸੀ ਕਿ ਉਹਨਾਂ ਨੂੰ ਪ੍ਰਧਾਨ ਮੰਤਰੀ ਨੇ ਜੋ ਕੰਮ ਸੌਂਪਿਆ ਹੈ, ਉਸਨੂੰ ਮੁਕੰਮਲ ਕਰਨਾ ਉਸਦੀ ਪਹਿਲੀ ਜਿੰਮੇਵਾਰੀ ਹੈ। ਉਹਨਾਂ ਦੇ ਇਹਨਾਂ ਬੋਲਾਂ ਦਾ ਅਰਥ ਇਹ ਸੀ ਕਿ ਉਹ ਵਿਰੋਧੀ ਧਿਰਾਂ ਵਲੋਂ ਉਹਨਾਂ ਦੀ ਨਿਯੁਕਤੀ ਦੇ ਕੀਤੇ ਜਾ ਰਹੇ ਵਿਰੋਧ ਦੇ ਬਾਵਜੂਦ ਆਪਣਾ ਕੰਮ ਜਾਰੀ ਰੱਖਣਾ ਚਾਹੁਣਗੇ। ਉਹ ਆਪਣੀ ਇਸ ਟਿਪਣੀ ਦੇ ਨਾਲ ਇਹ ਦਾਅਵਾ ਵੀ ਕਰ ਰਹੇ ਸਨ ਕਿ ਉਹ ਕੈਨੇਡੀਅਨ ਜਮਹੂਰੀ ਪ੍ਰਣਾਲੀ ਵਿਚ ਵਿਸ਼ਵਾਸ ਮਜਬੂਤੀ ਲਈ ਕੰਮ ਕਰ ਰਹੇ ਹਨ ਪਰ ਇਸਦੇ ਨਾਲ ਹੀ ਉਹ ਸੰਸਦ ਵਿਚ ਵਿਰੋਧੀ ਐਮ ਪੀਜ਼ ਵਲੋਂ ਬਹੁਮਤ ਨਾਲ ਪਾਸ ਕੀਤੇ ਮਤੇ ਨੂੰ ਵੀ ਅਣਗੌਲਿਆਂ ਕਰ ਰਹੇ ਸਨ। ਉਹਨਾਂ ਦੀ ਇਸ ਦੁਬਿਧਾਪੂਰਣ ਸਥਿਤੀ ਚੋ ਇਹ ਅਰਥ ਕੱਢੇ ਜਾ ਰਹੇ ਸਨ ਕਿ ਉਹ ਜਿਵੇਂ ਕਿਵੇਂ ਇਸ ਮਾਮਲੇ ਵਿਚ ਪ੍ਰਧਾਨ ਮੰਤਰੀ ਟਰੂਡੋ ਨੂੰ ਬਚਾਉਣ ਦੇ ਆਹਰ ਵਿਚ ਹਨ। ਵਿਰੋਧੀ ਧਿਰ ਦੇ ਆਗੂ ਪੀਅਰ ਪੋਲੀਵਰ ਸ਼ਰੇਆਮ ਇਹ ਇਲਜਾਮ ਲਗਾ ਰਹੇ ਹਨ ਕਿ ਡੇਵਿਡ ਜੌਹਸਨਟਨ ਜਾਂਚ ਨੂੰ ਮੁਕੰਮਲ ਕਰਨ ਦੇ ਬਹਾਨੇ ਪ੍ਰਧਾਨ ਮੰਤਰੀ ਟਰੂਡੋ ਨੂੰ ਚੀਨੀ ਸੰਸਥਾਵਾਂ ਵਲੋਂ ਮਿਲੀਆਂ ਸੌਗਾਤਾਂ ਉਪਰ ਪਰਦੇ ਪਾਉਣ ਦੀ ਕੋਸ਼ਿਸ਼ ਕਰ ਰਹੇ ਹਨ।

ਜੋ ਵੀ ਹੈ ਕਿ ਹੁਣ ਡੇਵਿਡ ਜੌਹਨਸਟਨ ਵਲੋਂ ਅਸਤੀਫੇ ਦੇ ਫੈਸਲੇ ਨਾਲ ਵਿਰੋਧੀ ਧਿਰਾਂ ਵਲੋਂ ਇਸ ਮਾਮਲੇ ਦੀ ਜਨਤਕ ਜਾਂਚ ਕਰਵਾਏ ਜਾਣ ਦੀ ਮੰਗ ਨੂੰ ਹੋਰ ਬਲ ਮਿਲ ਗਿਆ ਹੈ। ਡੇਵਿਡ ਜੌਹਨਸਟਨ ਨੇ ਆਪਣੇ ਅਸਤੀਫੇ ਵਿਚ ਕਿਹਾ ਹੈ ਕਿ ਉਹ ਕੈਨੇਡੀਅਨ ਸਿਆਸਤ ਵਿਚ ਵਿਦੇਸ਼ੀ ਵਿਸ਼ੇਸ਼ ਕਰਕੇ ਚੀਨੀ ਦਖਲਅੰਦਾਜੀ ਦੇ ਗੰਭੀਰ ਮੁੱਦੇ ਦੀ ਜਾਂਚ ਕਰਨ ਲਈ ਅੱਗੇ ਆਏ ਸਨ। ਇਸ ਜਾਂਚ ਦਾ ਮਕਸਦ ਵਿਦੇਸ਼ੀ ਦਖਲਅੰਦਾਜੀ ਨਾਲੋ ਕੈਨੇਡੀਅਨ ਜਮਹੂਰੀ ਪ੍ਰਣਾਲੀ ਨੂੰ ਬਚਾਉਣ ਅਤੇ ਇਸ ਵਿਚ ਲੋਕ ਵਿਸ਼ਵਾਸ ਦੀ ਮਜ਼ਬੂਤੀ ਨੂੰ ਬਣਾਈ ਰੱਖਣਾ ਵਧੇਰੇ ਹੈ। ਪਰ ਹੁਣ ਜਿਵੇਂ ਦਾ ਮਾਹੌਲ ਬਣ ਗਿਆ ਹੈ, ਅਜਿਹੀ ਹਾਲਤ ਵਿਚ ਉਹਨਾਂ ਲਈ ਕੰਮ ਕਰਨਾ ਸੰਭਵ ਨਹੀ ਬਲਕਿ ਇਸਦਾ ਉਲਟਾ ਪ੍ਰਭਾਵ ਬਣ ਗਿਆ ਹੈ। ਅਜਿਹੀ ਹਾਲਤ ਵਿਚ



ਉਹਨਾਂ ਦਾ ਜਾਂਚ ਤੋ ਲਾਂਭੇ ਹੋਣਾ ਹੀ ਬੇਹਤਰ ਹੈ। ਉਹਨਾਂ ਨਾਲ ਹੀ ਕਿਹਾ ਹੈ ਕਿ ਪ੍ਰਧਾਨ ਮੰਤਰੀ ਨੇ ਉਹਨਾਂ ਨੂੰ ਇਹ ਕੰਮ ਵੀ ਸੌਂਪਿਆ ਹੈ ਕਿ ਉਹ ਸਿਆਸੀ ਮਾਹਿਰਾਂ ਤੇ ਵਿਰੋਧੀਆਂ ਪਾਰਟੀਆਂ ਨਾਲ ਗੱਲਬਾਤ ਕਰਕੇ ਕਿਸੇ ਅਜਿਹੇ ਮਾਹਿਰ ਆਗੂ ਦੀ ਚੋਣ ਕਰਨ ਜੋ ਇਸ ਜਾਂਚ ਦੀ ਬੇਹਤਰ ਅਗਵਾਈ ਕਰ ਸਕੇ। ਉਹਨਾਂ ਨੇ ਆਪਣੇ ਅਸਤੀਫੇ ਵਿਚ ਜਨਤਕ ਜਾਂਚ ਦੀ ਮੰਗ ਦਾ ਜਿਕਰ ਨਹੀ ਕੀਤਾ ਜਦੋਂਕਿ ਤਿੰਨੇ ਵਿਰੋਧੀ ਪਾਰਟੀਆਂ ਸ਼ੁਰੂ ਤੋਂ ਇਹ ਮੰਗ ਕਰ ਰਹੀਆਂ ਹਨ ਤੇ ਹੁਣ ਉਹਨਾਂ ਦੇ ਅਸਤੀਫੇ ਉਪਰੰਤ ਹੀ ਵੀ ਉਹਨਾਂ ਨੇ ਆਪਣੀ ਇਸ ਮੰਗ ਨੂੰ ਦੁਹਰਾਇਆ ਹੈ। ਪਿਛਲੇ ਦਿਨੀ ਜੌਹਨਸਟਨ ਵਲੋਂ ਪੇਸ਼ ਕੀਤੀ ਗਈ ਆਪਣੀ ਅੰਤਰਿਮ ਜਾਂਚ ਰਿਪੋਰਟ ਉਪਰੰਤ ਇਕ ਸਿਆਸੀ ਘਮਾਸਾਨ ਜਿਹਾ ਪੈਦਾ ਹੋ ਗਿਆ ਸੀ। ਵਿਰੋਧੀ ਧਿਰਾਂ ਨੇ ਜੌਹਨਸਟਨ ਦੇ ਪ੍ਰਧਾਨ ਮੰਤਰੀ ਦੇ ਪਰਿਵਾਰ ਨਾਲ ਸਬੰਧਾਂ ਨੂੰ ਲੈਕੇ ਤਿੱਖੇ ਹਮਲੇ ਕੀਤੇ ਸਨ ਪਰ ਇਸਦੇ ਬਾਵਜੂਦ ਸਰਕਾਰ ਨੂੰ ਇਹ ਉਮੀਦ ਨਹੀ ਸੀ ਕਿ ਜੌਹਨਸਟਨ ਇਸ ਤਰਾਂ ਜਾਂਚ ਤੋ ਲਾਂਭੇ ਹੋ ਜਾਣਗੇ।

ਪ੍ਰਧਾਨ ਮੰਤਰੀ ਟਰੂਡੋ ਵਲੋਂ ਜਦੋਂ ਮਾਰਚ ਮਹੀਨੇ ਵਿਚ ਜੌਹਨਸਟਨ ਦੀ ਨਿਯੁਕਤੀ ਕੀਤੀ ਗਈ ਸੀ ਤਾਂ ਉਹਨਾਂ ਕਿਹਾ ਕਿ ਸੀ ਉਹ ਉਹਨਾਂ ਦੀਆਂ ਸਿਫਾਰਸ਼ਾਂ ਉਪਰ ਅਮਲ ਲਈ ਪਾਬੰਦ ਹੋਣਗੇ। ਹੁਣ ਜੌਹਨਸਟਨ ਨੇ ਆਪਣੇ ਅਸਤੀਫੇ ਨਾਲ ਜਨਤਕ ਜਾਂਚ ਨੂੰ ਆਖਰੀ ਹੱਲ ਦੀ ਬਿਜਾਏ ਜਮਹੂਰੀਅਤ ਦੀ ਮਜ਼ਬੂਤੀ ਲਈ ਗੱਲਬਾਤ ਨੂੰ ਜਾਰੀ ਰੱਖਣ ਨੂੰ ਹੀ ਪਹਿਲੀ ਤਰਜੀਹ ਕਿਹਾ ਹੈ ਕਿਉਂਕਿ ਉਹਨਾਂ ਦਾ ਮੰਨਣਾ ਹੈ ਕਿ ਇਹ ਅਜਿਹਾ ਮਾਮਲਾ ਹੈ ਜਿਸ ਵਿਚ ਖੁਫੀਆ ਤੰਤਰ ਵੀ ਸ਼ਾਮਿਲ ਹੈ ਜਿਹਨਾਂ ਦੀਆਂ ਰਿਪੋਰਟਾਂ ਨੂੰ ਜਨਤਕ ਕਰਨਾ ਜਾਂ ਪਾਰਦਰਸ਼ੀ ਢੰਗ ਨਾਲ ਵੇਖਣਾ ਬਹੁਤ ਮੁਸ਼ਕਲ ਹੈ। ਉਹਨਾਂ ਦੀ ਅੰਤਰਿਮ ਰਿਪੋਰਟ ਨਾਲ ਅਸਹਿਮਤੀ ਪ੍ਰਗਟਾਉਂਦਿਆਂ ਵਿਰੋਧੀ ਧਿਰਾਂ ਵਲੋਂ ਉਹਨਾਂ ਨੂੰ ਅਹੁਦੇ ਤੋ ਹਟਾਉਣ ਦੀ ਮੰਗ ਕੀਤੀ ਗਈ। ਇਥੋ ਤੱਕ ਕਿ ਪਿਛਲੇ ਦਿਨੀ ਉਹ ਇਕ ਪਾਰਲੀਮੈਂਟਰੀ ਕਮੇਟੀ ਅੱਗੇ ਵੀ ਪੇਸ਼ ਹੋਏ ਜਿਥੇ ਉਹਨਾਂ ਨਾਲ ਲਗਪਗ ਤਿੰਨ ਘੰਟੇ ਸਵਾਲ ਜਵਾਬ ਕੀਤੇ ਗਏ। ਇਸ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਉਹਨਾਂ ਨੇ ਆਪਣੀ ਜਾਂਚ ਦੌਰਾਨ ਉਸ ਲਿਬਰਲ ਐਮ ਪੀ ਨਾਲ ਕੋਈ ਗੱਲਬਾਤ ਨਹੀ ਕੀਤੀ ਜਿਸ ਸਬੰਧੀ ਇਹ ਖੁਲਾਸਾ ਹੋਇਆ ਸੀ ਉਸਦੀ ਨੌਮੀਨੇਸ਼ਨ ਚੋਣ ਵੇਲੇ ਚੀਨ ਨੇ ਉਸਦੀ ਮਦਦ ਕੀਤੀ ਸੀ। ਇਹ ਉਹੀ ਲਿਬਰਲ ਐਮ ਪੀ ਹੈ ਜਿਸਦੇ ਕਹਿਣ ਉਪਰ ਚੀਨ ਸਰਕਾਰ ਨੇ ਦੋ ਕੈਨੇਡੀਅਨ ਡਿਪਲੋਮੈਟ ਦੀ ਰਿਹਾਈ ਵਿਚ ਦੇਰੀ ਕੀਤੇ ਜਾਣ ਦੀਆਂ ਰਿਪੋਰਟਾਂ ਨਸਰ ਹੋਈਆਂ । ਇਹ ਵੱਖਰੀ ਗੱਲ ਹੈ ਕਿ ਇਸ ਮੀਡੀਆ ਰਿਪੋਰਟ ਖਿਲਾਫ ਇਸ ਐਮ ਪੀ ਨੇ ਅਦਾਲਤੀ ਕਾਰਵਾਈ ਦੀ ਚਾਰਾਜੋਈ ਆਰੰਭੀ ਹੋਈ ਹੈ। ਜੌਹਨਸਟਨ ਦੀ ਜਾਂਚ ਨੂੰ ਇਕਪਾਸੜ ਅਤੇ ਹੁਣ ਤੱਕ ਦੇ ਕੀਤੇ ਕੰਮ ਉਪਰ ਅਸੰਤੁਸ਼ਟੀ ਪ੍ਰਗਟ ਕਰਦਿਆਂ ਹੀ ਵਿਰੋਧੀ ਪਾਰਟੀਆਂ ਉਹਨਾਂ ਨੂੰ ਅਹੁਦੇ ਤੋਂ ਹਟਾਉਣ ਦੇ ਨਾਲ ਮੁਕੰਮਲ ਜਨਤਕ ਜਾਂਚ ਦੀ ਮੰਗ ਉਪਰ ਅੜੀਆਂ ਹੋਈਆਂ ਹਨ।

ਖੈਰ ਜੋ ਵੀ ਹੈ ਕਿ ਜੌਹਨਸਟਨ ਵਲੋਂ ਲਿਆ ਗਿਆ ਫੈਸਲਾ ਕੈਨੇਡੀਅਨ ਜਮਹੂਰੀ ਪ੍ਰਣਾਲੀ ਨੂੰ ਬਚਾਉਣ ਅਤੇ ਵਿਸ਼ਵਾਸ ਮਜ਼ਬੂਤੀ ਲਈ ਉਹਨਾਂ ਦੇ ਕਹਿਣ ਮੂਜਬ ਸ਼ੁਭ ਕਿਹਾ ਜਾ ਸਕਦਾ ਹੈ। ਉਹਨਾਂ ਨੇ ਸਰਕਾਰ ਦਾ ਪੱਖ ਪੂਰਨ ਅਤੇ ਆਪਣੀ ਜਿਦ ਪੁਗਾਉਣ ਦੀ ਬਿਜਾਏ ਇਸ ਅਹੁਦੇ ਨਾਲ ਚਿਪਕੇ ਰਹਿਣ ਦੀ ਥਾਂ ਅਸਤੀਫਾ ਦੇਣ ਦਾ ਫੈਸਲਾ ਲੈਕੇ ਕੈਨੇਡੀਅਨ ਸਿਆਸਤ ਵਿਚ ਇਮਾਨਦਾਰੀ ਦੀ ਮਰਿਯਾਦਾ ਨੂੰ ਕਾਇਮ ਰੱਖਿਆ ਹੈ। ਹੁਣ ਪ੍ਰਧਾਨ ਮੰਤਰੀ ਦੀ ਜਿੰਮੇਵਾਰੀ ਬਣਦੀ ਹੈ ਕਿ ਉਹ ਵੀ ਇਮਾਨਦਾਰ ਸਿਆਸਤ ਦਾ ਵਿਖਾਵਾ ਕਰਦਿਆਂ ਇਸ ਮੁੱਦੇ ਦੀ ਜਨਤਕ ਜਾਂਚ ਕਰਵਾਉਣ ਦਾ ਐਲਾਨ ਕਰਨ।

ਓਸ਼ਨ ਵਿਊ ਫਿਸ਼ ਕੈਨਰੀ

OCEAN VIEW FISH CANNERY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਰਾਈਡ ਦਾ ਪੂਰਾ ਪੂਰਾ ਪ੍ਰਬੰਧ ਹੈ।
- ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਤੇ ਹੁਣੇ ਲੱਗਣ ਲਈ ਫੋਨ ਕਰੋ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।
ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।



604-594-0616

# ਨੌਜਵਾਨ ਤੇ ਮਾਪੇ : ਆਪਸੀ ਸੰਵਾਦ ਦਾ ਸੰਕਟ

**ਡਾ. ਸ਼ਿਆਮ ਸੁੰਦਰ ਦੀਪਤੀ**

ਜਦੋਂ ਜਵਾਨ ਹੋ ਰਹੇ ਬੱਚਿਆਂ ਨੂੰ ਲੈ ਕੇ ਉਨ੍ਹਾਂ ਦੇ ਵਿਗੜ ਜਾਣ ਦਾ ਕਸੂਰ ਕੱਢਿਆ ਜਾਂਦਾ ਹੈ ਤਾਂ ਉਨ੍ਹਾਂ ਦਾ ਪਹਿਲਾ ਨਿਸ਼ਾਨਾ ਸਕੂਲ ਦਾ ਬਦਲ ਰਿਹਾ ਮਾਹੌਲ ਅਤੇ ਅਧਿਆਪਕ ਹੁੰਦੇ ਹਨ। ਉਨ੍ਹਾਂ ਨੂੰ ਲਗਦਾ ਹੈ, ਸਕੂਲ ਸਾਡੇ ਸਮੇਂ ਵਾਲੇ ਨਹੀਂ ਰਹੇ, ਸਕੂਲ ਵਿਚ ਅਨੁਸ਼ਾਸਨ ਨਹੀਂ ਰਿਹਾ ਅਤੇ ਅਧਿਆਪਕ ਵੀ ਆਪਣੀ ਭੂਮਿਕਾ ਜ਼ਿੰਮੇਵਾਰੀ ਨਾਲ ਨਹੀਂ ਨਿਭਾ ਰਹੇ। ਦਰਅਸਲ ਬੱਚਿਆਂ ਦੇ ਵਿਗੜਨ ਦਾ ਸਬੰਧ ਆਮ ਤੌਰ 'ਤੇ ਮਾਪੇ ਬੱਚਿਆਂ ਦੇ ਪ੍ਰਾਇਮਰੀ ਪਾਸ ਹੋ ਜਾਣ ਤੋਂ ਬਾਅਦ ਸ਼ੁਰੂ ਹੁੰਦਾ ਦੇਖਦੇ ਹਨ, ਮਤਲਬ ਗਿਆਰਾਂ-ਬਾਰਾਂ ਸਾਲ ਤੋਂ ਬਾਅਦ।

ਜੇ ਬੱਚਿਆਂ ਦੇ ਵਿਗੜਨ ਬਾਰੇ ਮਾਪਿਆਂ ਦੀ ਇਹ ਗੱਲ ਅਧਿਆਪਕਾਂ ਤਕ ਪਹੁੰਚੇ ਤਾਂ ਉਹ ਕਹਿੰਦੇ ਹਨ, ਸਾਡੇ ਕੋਲ ਤਾਂ ਬੱਚੇ ਛੇ-ਅੱਠ ਘੰਟੇ ਹੀ ਆਉਂਦੇ/ਰਹਿੰਦੇ ਹਨ। ਜਿਸ ਤਰ੍ਹਾਂ ਦੇ ਵਿਗਾੜ ਦੀ ਗੱਲ ਉਹ ਕਰਦੇ ਹਨ, ਉਹ ਅਸੀਂ ਕਲਾਸ ਵਿਚ ਦੱਸਦੇ/ਬੋਲਦੇ ਹੀ ਨਹੀਂ; ਸਾਡੇ 'ਤੇ ਤਾਂ ਸਿਲੇਬਸ ਖਤਮ ਕਰਨ, ਵਧੀਆ ਨਤੀਜਿਆਂ ਦਾ ਇੰਨਾ ਦਬਾਅ ਹੈ ਕਿ ਸਾਨੂੰ ਇਧਰ-ਉਧਰ ਦੀ ਗੱਲ ਕਰਨ ਦਾ ਸਮਾਂ ਹੀ ਨਹੀਂ ਮਿਲਦਾ। ਮਾਪਿਆਂ ਦਾ ਹੀ ਕਸੂਰ ਹੈ ਜੋ ਬੱਚੇ ਗਲਤ ਸਿੱਖਦੇ ਹਨ।

ਦੋਹਾਂ ਦਾ ਸਾਹਮਣਾ ਵੀ ਅਕਸਰ ਹੁੰਦਾ ਹੈ ਪਰ ਹੁਣ ਤਾਂ ਸਰਕਾਰੀ ਸਕੂਲਾਂ ਵਿਚ ਵੀ ਮਾਪੇ-ਅਧਿਆਪਕ ਮਿਲਣੀਆਂ ਹੁੰਦੀਆਂ ਹਨ। ਪਹਿਲਾਂ ਤੀਜੀ ਧਿਰ (ਟੀਵੀ) ਵੀ ਸੀ ਪਰ ਹੁਣ ਤਾਂ ਸਾਡੀ ਸਕੂਲ ਵਿਵਸਥਾ ਨੇ ਹੀ ਬੱਚਿਆਂ ਹੱਥ ਮੋਬਾਈਲ ਫੋਨ ਫੜਾ ਦਿੱਤਾ ਹੈ। ਕਰੋਨਾ ਨੇ ਜ਼ਰੂਰ ਇਹ ਮਾਹੌਲ ਬਣਾਇਆ ਪਰ ਸਕੂਲ ਵਾਲਿਆਂ ਨੇ ਇਸ ਹਾਲਤ ਨੂੰ ਵਾਪਸ ਨਹੀਂ ਲਿਆ। ਹੁਣ ਤਾਂ ਬੱਚਿਆਂ ਦੇ ਹੋਮਵਰਕ ਲਈ ਡਾਇਰੀ ਦੀ ਥਾਂ ਮੋਬਾਈਲ ਐਪਸ ਨੇ ਲੈ ਲਈ ਹੈ।

ਦਰਅਸਲ ਇਹ ਇਕ ਦੂਜੇ 'ਤੇ ਦੋਸ਼ ਲਾਉਣ ਦਾ ਮਸਲਾ ਹੈ। ਇਸ ਅਵਸਥਾ ਦੌਰਾਨ ਨੌਜਵਾਨ ਦੇ ਸਰੀਰਕ, ਮਾਨਸਿਕ ਅਹਿਸਾਸਾਂ ਨੂੰ ਸਮਝਣ ਦੀ ਲੋੜ ਹੈ। ਮਾਪਿਆਂ ਅਤੇ ਅਧਿਆਪਕਾਂ ਨੂੰ ਇਨ੍ਹਾਂ ਹਾਲਾਤ ਬਾਰੇ ਜਾਣੂ ਹੋਣਾ ਚਾਹੀਦਾ ਹੈ ਜੋ ਉਹ ਨਹੀਂ ਹਨ। ਹੁਣ ਸਵਾਲ ਇਹ ਵੀ ਹੈ ਕਿ ਉਹ ਵਿਗੜੇ ਹੋਏ ਨੌਜਵਾਨ ਕਿਸ ਨੂੰ ਕਹਿੰਦੇ ਹਨ ? ਇਸ ਬਾਰੇ ਮਾਪਿਆਂ ਅਤੇ ਅਧਿਆਪਕਾਂ ਨਾਲ ਗੱਲ ਹੋਈ ਤਾਂ ਇਹ ਗੱਲ ਨਿੱਕਲੀ ਕਿ ਉਹ ਇੱਜ਼ਤ ਨਹੀਂ ਕਰਦੇ। ਇਕ ਅਧਿਆਪਕ ਨੇ ਤਾਂ ਇਥੋਂ ਤੱਕ ਕਿਹਾ ਕਿ ਜੋ ਬੱਚੇ ਕਦੇ ਗੋਡਿਆਂ ਨੂੰ ਹੱਥ ਲਗਾਉਂਦੇ ਸੀ, ਅੱਜ ਕੱਲ੍ਹ ਗਲ ਨੂੰ ਪੈਂਦੇ ਹਨ। ਇਥੇ ਇਹ ਗੱਲ ਸਮਝਣੀ ਚਾਹੀਦੀ ਹੈ ਕਿ ਇੱਜ਼ਤ ਦਿਲ ਤੋਂ ਪੈਦਾ ਹੋਣ ਵਾਲਾ ਅਹਿਸਾਸ ਹੈ। ਕਿਹਾ ਜਾਂਦਾ ਹੈ ਕਿ ਇੱਜ਼ਤ ਮਿਲਦੀ ਨਹੀਂ, ਕਮਾਈ ਜਾਂਦੀ ਹੈ। ਜੇ ਇਸ ਨਾਲ ਇਕ ਤੱਥ ਹੋਰ ਜੋੜਨਾ ਹੋਵੇ ਤਾਂ ਇਹ ਹੈ ਕਿ ਮਾਪਿਆਂ ਤੇ ਅਧਿਆਪਕਾਂ ਨੂੰ ਬੱਚੇ ਨੂੰ ਦੇਣ/ਸਮਝਾਉਣ ਨੂੰ ਕੁਝ ਵੱਖਰਾ/ਨਿਵੇਕਲਾ ਹੋਵੇ।

ਇਸੇ ਨਾਲ ਜੋੜ ਕੇ ਮਾਪੇ ਇਹ ਵੀ ਕਹਿੰਦੇ ਹਨ ਕਿ ਬੱਚੇ ਕਹਿਣਾ ਨਹੀਂ ਮੰਨਦੇ। ਇੱਜ਼ਤ ਕਰਨਾ ਅਤੇ ਕਹਿਣਾ ਨਾ ਮੰਨਣ ਨੂੰ ਉਹ ਇਕੋ ਹੀ ਰੂਪ ਵਿਚ ਲੈਂਦੇ ਹਨ। ਕਈ ਵਾਰ ਬੱਚੇ ਕਹਿਣਾ ਮੰਨਦੇ ਹੋਏ ਨਜ਼ਰ ਆਉਂਦੇ ਹਨ ਪਰ ਉਹ ਮੰਨਦੇ ਨਹੀਂ; 'ਤੁਹਾਡਾ ਕਹਿਣਾ ਸਿਰ ਮੱਥੇ, ਪਰਨਾਲਾ ਉਥੇ ਦਾ ਉਥੇ' ਦੀ ਕਹਾਵਤ ਵਾਂਗ। 'ਹਾਂ ਜੀ', 'ਹਾਂ ਜੀ', ਹੁੰਦੀ ਹੈ ਪਰ ਹੱਲ ਨਹੀਂ ਨਿਕਲਦਾ। ਇਕ ਹੋਰ ਪਹਿਲੂ ਹੈ ਕਿ ਬੱਚੇ ਬਹਿਸ ਬਹੁਤ ਕਰਦੇ ਹਨ, ਸਵਾਲ ਬਹੁਤ ਨੇ ਇਨ੍ਹਾਂ ਕੋਲ। ਚੁੱਪ-ਚਾਪ ਕੰਮ ਕਰ ਕੇ ਕਹਿਣਾ ਮੰਨਣ। ਇਸ ਦੇ ਮਾਇਨੇ ਹਨ ਕਿ ਬੱਚੇ ਆਗਿਆਕਾਰੀ ਨਹੀਂ।

ਮਨੋਵਿਗਿਆਨੀਆਂ ਦਾ ਮੱਤ ਹੈ ਕਿ ਨੌਜਵਾਨ ਜਦੋਂ ਸਵਾਲ ਕਰੇ, ਜੋ ਉਸ ਨੇ ਕਰਨੇ ਹੀ ਹਨ, ਉਸ ਦਾ ਸਹੀ, ਤਸੱਲੀਬਖ਼ਸ਼ ਜਵਾਬ ਮਿਲੇ ਤਾਂ ਉਹ ਮਾਪਿਆਂ ਦੀ ਵੀ ਤੇ ਅਧਿਆਪਕਾਂ ਦੀ ਵੱਧ ਇੱਜ਼ਤ ਕਰਦੇ ਹਨ। ਦੇਖਣ ਵਿਚ ਆਉਂਦਾ ਹੈ ਕਿ ਮਾਪੇ ਸਵਾਲ ਲੈਣ ਨੂੰ ਸਹਿਜ ਮਹਿਸੂਸ ਨਹੀਂ ਕਰਦੇ। ਇਹ ਗੱਲ ਮੰਨੀ ਜਾ ਸਕਦੀ ਹੈ ਕਿ ਬੱਚਿਆਂ/ਨੌਜਵਾਨਾਂ ਦੇ ਸਵਾਲ ਮੁਸ਼ਕਿਲ ਹੋ ਸਕਦੇ ਹਨ, ਮਾਪਿਆਂ ਕੋਲ ਜਵਾਬ ਨਾ ਹੋਣ ਦੀ ਸੰਭਾਵਨਾ ਵੀ ਹੋ ਸਕਦੀ ਹੈ ਪਰ ਮਾਪੇ ਇਹ ਗੱਲ ਮੰਨਣ ਵਿਚ ਹਤਕ ਮਹਿਸੂਸ ਕਰਦੇ ਹਨ ਕਿ ਉਨ੍ਹਾਂ ਨੂੰ ਇਸ ਗੱਲ ਦਾ ਜਵਾਬ ਪਤਾ ਨਹੀਂ। ਜੇ ਮਾਪੇ ਇਹ ਮੰਨ ਲੈਣ ਕਿ ਉਸ ਨੂੰ ਪਤਾ ਨਹੀਂ, ਉਹ ਇਸ ਬਾਰੇ ਪਤਾ ਕਰ ਕੇ, ਖੋਜ ਕਰ ਕੇ ਕੁਝ ਸਮਾਂ ਠਹਿਰ ਕੇ ਦੱਸਣਗੇ ਤਾਂ ਇੱਜ਼ਤ ਵਧ ਹੋਵੇਗੀ। ਦੇਖਣ ਵਿਚ ਆਇਆ ਹੈ ਕਿ ਮਾਪੇ ਗਲਤ-ਮਲਤ, ਇਧਰ-ਉਧਰ, ਅੰਦਾਜ਼ੇ ਨਾਲ ਆਪ ਹੀ ਘੜ ਕੇ ਜਵਾਬ ਦੇ ਦਿੰਦੇ ਹਨ, ਫਿਰ ਜਦੋਂ ਬੱਚੇ ਨੂੰ ਇਸ ਦਾ ਸਹੀ ਜਵਾਬ ਪਤਾ ਲੱਗਦਾ ਹੈ ਤਾਂ ਬੱਚੇ ਦੇ ਮਨ ਵਿਚ ਜੋ ਥੋੜ੍ਹੀ ਬਹੁਤ ਇੱਜ਼ਤ ਹੁੰਦੀ ਹੈ, ਉਹ ਵੀ ਮੁੱਕ ਜਾਂਦੀ ਹੈ; ਖਾਸਕਰ ਜਦੋਂ ਇਹ ਹਾਲਤ ਲਗਾਤਾਰ ਬਣੀ ਰਹੇ।

ਬੱਚੇ ਦੇ ਮਨ ਵਿਚ ਸਵਾਲ ਉੱਠਣੇ ਸੁਭਾਵਿਕ ਹਨ। ਉਸ ਨੇ ਸਭ ਤੋਂ ਪਹਿਲਾਂ ਇਹ ਸਵਾਲ ਮਾਪਿਆਂ ਸਾਹਮਣੇ ਹੀ ਰੱਖਣੇ ਹਨ। ਕਈ ਵਾਰ ਮਾਪੇ ਆਪਣੀ ਮਾਨਸਿਕ ਅਵਸਥਾ ਜਾਂ ਥਕਾਵਟ ਕਰ ਕੇ ਬੱਚੇ ਨੂੰ ਝਿੜਕਦੇ ਹਨ; 'ਤੰਗ ਨਾ ਕਰ' ਵਰਗਾ ਪ੍ਰਗਟਾਵਾ ਕਰਦੇ ਹਨ ਪਰ ਇਸ ਦਾ ਅਸਰ ਇਹ ਹੁੰਦਾ ਹੈ ਕਿ ਬੱਚਾ ਸਵਾਲ ਪੁੱਛਣੋਂ ਹਟ ਜਾਂਦਾ ਹੈ। ਇਹ ਹਾਲਤ ਲਗਾਤਾਰ ਲੰਮੇ ਸਮੇਂ ਤੱਕ ਬਣੀ ਰਹੇ ਤਾਂ ਘਰ ਅੰਦਰ ਸੰਵਾਦ ਦਾ ਸੰਕਟ ਬਣ ਜਾਂਦਾ ਹੈ।

ਮਾਪਿਆਂ ਨੂੰ ਇਕ ਹੋਰ ਦਿੱਕਤ ਹੁੰਦੀ ਹੈ ਕਿ ਬੱਚੇ ਮਿਹਨਤੀ ਨਹੀਂ, ਸਮੇਂ ਦੀ ਬਰਬਾਦੀ ਕਰਦੇ ਹਨ। ਮੋਬਾਈਲ ਹੱਥ ਵਿਚ ਆਉਣ ਨਾਲ ਇਹ ਹਾਲਤ ਹੋਰ ਗੰਭੀਰ ਹੋ ਗਈ ਹੈ; ਭਾਵੇਂ ਪਹਿਲਾਂ ਵੀ ਦੋਸਤਾਂ ਨੂੰ ਮਿਲਣਾ, ਗੇੜੀਆਂ ਲਗਾਉਣ ਵਿਚ ਸਮਾਂ ਬਿਤਾਇਆ ਜਾਂਦਾ ਸੀ। ਮਾਪਿਆਂ ਨੂੰ ਪੜ੍ਹਾਈ ਦਾ ਇਹ ਪਹਿਲੂ ਵੀ ਸਮਝਣਾ ਚਾਹੀਦਾ ਹੈ ਕਿ ਚੌਦਾਂ-ਸੋਲਾਂ ਘੰਟੇ ਕੋਈ ਵੀ ਲਗਾਤਾਰ ਨਹੀਂ ਪੜ੍ਹ ਸਕਦਾ। ਮਾਹਿਰਾਂ ਦਾ ਕਹਿਣਾ ਹੈ ਕਿ ਜੇ ਇਹ ਸਮਾਂ ਅੱਠ ਘੰਟੇ ਵੀ ਹੈ ਤਾਂ ਇਹ ਬਹੁਤ ਵਧੀਆ ਹੈ, ਬੱਚੇ ਨੂੰ ਪੜ੍ਹਾਈ ਵਿਚਕਾਰ ਮੌਜ-ਮਸਤੀ ਦਾ ਸਮਾਂ ਵੀ ਦੇਣਾ ਚਾਹੀਦਾ ਹੈ। ਪੜ੍ਹਾਈ ਲਈ ਮਿਹਨਤ ਨਾ ਕਰਨ ਤੋਂ ਇਲਾਵਾ ਉਨ੍ਹਾਂ ਨੂੰ ਦਿੱਕਤ ਹੈ ਕਿ ਖੇਡਣ ਵਿਚ ਵੀ ਦਿਲਚਸਪੀ ਨਹੀਂ। ਦੋਸਤਾਂ ਨਾਲ ਸਮਾਂ ਬਰਬਾਦੀ ਦੀ ਗੱਲ ਅਜੇ ਵੀ ਮੌਜੂਦ ਹੈ, ਉਹ ਭਾਵੇਂ ਫੋਨ 'ਤੇ ਗੱਲਾਂ ਕਰਨੀਆਂ ਹੋਣ ਤੇ ਚਾਹੇ ਗੇੜੀਆਂ ਮਾਰਨਾ ਹੋਵੇ।



ਸਮਾਂ ਬਰਬਾਦੀ ਨਾਲ ਜਦੋਂ ਜਮਾਤੀਆਂ/ਸਾਥੀਆਂ ਦੀ ਗੱਲ ਹੁੰਦੀ ਹੈ ਤਾਂ ਫਿਰ ਉਨ੍ਹਾਂ ਦਾ ਨਿਸ਼ਾਨਾ 'ਮਾੜੀ ਸੰਗਤ' ਦੇ ਨਾਂ 'ਤੇ ਹੁੰਦਾ ਹੈ। ਅਧਿਆਪਕ ਵੀ ਬੱਚੇ ਦੀ ਕਾਰਗੁਜ਼ਾਰੀ ਦਾ ਸਿਲਾ 'ਮਾੜੀ ਸੰਗਤ' ਨੂੰ ਹੀ ਦਿੰਦੇ ਹਨ। 'ਮਾੜੀ ਸੰਗਤ' ਦੀ ਧਾਰਨਾ ਨੂੰ ਸਮਝਿਆ ਜਾਵੇ ਕਿ ਤੁਹਾਡੇ ਬੱਚੇ ਦੀ ਮਾੜੀ ਸੰਗਤ ਵਿਚ ਜੋ ਤਿੰਨ-ਚਾਰ ਦੋਸਤ ਹਨ, ਉਨ੍ਹਾਂ ਬੱਚਿਆਂ ਦੇ ਮਾਪਿਆਂ ਲਈ ਤੁਹਾਡਾ ਬੱਚਾ ਵੀ 'ਮਾੜੀ ਸੰਗਤ' ਹੈ; ਕਹਿਣ ਦਾ ਮਤਲਬ, ਇਸ ਉਮਰ ਦੇ ਸਾਰੇ ਬੱਚਿਆਂ ਦੀ ਇਕੋ ਜਿਹੀ ਮਾਨਸਿਕਤਾ ਹੈ ਤੇ ਇਕੋ ਜਿਹੀ ਸਮਾਜਿਕ ਸਥਿਤੀ; ਸਭ ਤੋਂ ਵਧ, ਸਭ ਕੋਲ ਬਰਾਬਰ ਦਾ ਗਿਆਨ ਹੈ।

ਜਦੋਂ ਮਾਪਿਆਂ ਨੂੰ ਇਹ ਦਿੱਕਤ ਹੁੰਦੀ ਹੈ ਕਿ ਬੱਚੇ ਸੁਣਦੇ/ਮੰਨਦੇ ਨਹੀਂ ਤਾਂ ਨਾਲ ਹੀ ਇਹ ਵੀ ਕਿਹਾ ਜਾਂਦਾ ਹੈ ਕਿ ਦੋਸਤਾਂ ਦੀ ਵੱਧ ਸੁਣਦੇ ਹਨ। ਉਨ੍ਹਾਂ ਦਾ ਦਬਾਅ ਵੱਧ ਹੈ। ਸਾਡੇ ਨਾਲੋਂ ਵੱਧ ਇਨ੍ਹਾਂ ਨੂੰ ਦੋਸਤਾਂ ਦੇ ਫੈਸਲੇ ਚੰਗੇ ਲੱਗਦੇ ਹਨ। ਗੱਲ ਉਹੀ ਹੈ, ਸਾਰੇ ਹੀ ਇਕੋ ਜਿਹੀ ਹਾਲਤ ਵਿਚੋਂ ਲੰਘ ਰਹੇ ਹਨ ਤੇ ਜਿਸ ਤਰ੍ਹਾਂ ਦੀ ਉਨ੍ਹਾਂ ਦੀ ਚਾਹਤ ਹੈ ਕਿ ਕੋਈ ਉਨ੍ਹਾਂ ਨੂੰ ਸੁਣੇ, ਜਿਸ ਦੀ ਆਸ ਉਨ੍ਹਾਂ ਨੂੰ ਮਾਪਿਆਂ ਤੋਂ ਹੁੰਦੀ ਹੈ, ਉਹ ਨਹੀਂ ਮਿਲਦਾ ਤਾਂ ਉਹ ਫਿਰ ਇਨ੍ਹਾਂ ਸਾਥੀਆਂ 'ਤੇ ਵੱਧ ਯਕੀਨ ਕਰਨ ਲੱਗਦੇ ਹਨ।

ਇਸੇ ਲੜੀ ਵਿਚ ਇਕ ਸ਼ਿਕਾਇਤ ਇਹ ਹੈ ਕਿ ਇਨ੍ਹਾਂ ਨੂੰ ਗੁੱਸਾ ਬਹੁਤ ਆਉਂਦਾ ਹੈ; ਉਹ ਵੀ ਨਾਜਾਇਜ਼। ਮਾਪਿਆਂ ਨੂੰ ਬੱਚਿਆਂ ਦਾ ਗੁੱਸਾ ਹਮੇਸ਼ਾ ਨਾਜਾਇਜ਼ ਹੀ ਲੱਗਦਾ ਹੈ। ਗੁੱਸੇ ਦਾ ਮਨੋਵਿਗਿਆਨ ਹੈ ਕਿ ਗੁੱਸਾ ਕਦੇ ਵੀ ਨਾਜਾਇਜ਼ ਨਹੀਂ ਹੁੰਦਾ। ਗੁੱਸੇ ਦਾ ਕੋਈ ਨਾ ਕੋਈ ਕਾਰਨ ਜ਼ਰੂਰ ਹੁੰਦਾ ਹੈ। ਮਾਪਿਆਂ ਦੀ ਹਾਲਤ ਵਿਚ ਗੁੱਸੇ ਨੂੰ ਨਾਜਾਇਜ਼ ਕਰਾਰ ਦੇਣਾ ਇਸ ਕਰ ਕੇ ਹੈ ਕਿਉਂਕਿ ਮਾਪੇ ਚਾਹੁੰਦੇ ਹਨ ਕਿ ਜੋ ਅਸੀਂ ਕਹਿ ਜਾਂ ਦੱਸ ਰਹੇ ਹਾਂ, ਉਹ ਹੂ-ਬ-ਹੂ ਹੁਕਮ ਵਾਂਗ ਮੰਨਿਆ ਜਾਵੇ। ਜੇ ਮਾਪੇ ਬੱਚਿਆਂ ਨਾਲ ਬੈਠ ਕੇ ਗੱਲਬਾਤ ਦਾ ਰਾਹ ਅਪਣਾਉਣ ਤਾਂ ਇਹ ਹਾਲਤ ਪੈਦਾ ਨਹੀਂ ਹੋਵੇਗੀ। ਸੰਵਾਦ ਤੋਂ ਬਾਅਦ ਗੱਲ ਮੰਨਣ ਦਾ ਸਵਾਲ ਹੋਵੇ ਤਾਂ ਮਾਪਿਆਂ ਨੂੰ ਖੁੱਲ੍ਹਦਿਲੀ ਦਾ ਪ੍ਰਗਟਾਵਾ ਕਰਨਾ ਚਾਹੀਦਾ ਹੈ; ਇਹ ਨਹੀਂ ਕਿ ਗੱਲਬਾਤ ਕਰਨੀ ਹੈ, ਹਰ ਹਾਲਤ ਆਪਣੀ ਗੱਲ ਮਨਵਾਉਣੀ ਹੈ। ਗੱਲਬਾਤ ਦਾ ਇਹ ਸਿਧਾਂਤ ਕਦੇ ਵੀ ਸਹੀ ਨਹੀਂ ਮੰਨਿਆ ਜਾਂਦਾ। ਹੋ ਸਕਦਾ ਹੈ, ਇਕ ਬੈਠਕ ਵਿਚ ਸਿੱਟਾ ਨਾ ਨਿਕਲੇ, ਗੱਲਬਾਤ ਨੂੰ ਅੱਗੇ ਪਾਇਆ ਜਾ ਸਕਦਾ ਹੈ।

ਇਹ ਗੱਲ ਵੀ ਸਮਝਣੀ ਚਾਹੀਦੀ ਹੈ ਕਿ ਬੱਚਿਆਂ ਕੋਲ ਬਹੁਤ ਜ਼ਿਆਦਾ ਸੂਚਨਾ ਹੈ ਜੋ ਉਨ੍ਹਾਂ ਨੂੰ ਆਪਣੇ ਆਲੇ-ਦੁਆਲੇ ਤੋਂ ਮਿਲ ਰਹੀ ਹੈ। ਸੋਸ਼ਲ ਮੀਡੀਆ ਨੇ ਇਸ ਰਫਤਾਰ ਵਿਚ ਵਾਧਾ ਕੀਤਾ ਹੈ। ਮਾਪਿਆਂ ਕੋਲ ਸੀਮਤ ਸੂਚਨਾ ਹੈ। ਬੱਚਿਆਂ ਦੇ ਕਰੀਅਰ ਨੂੰ ਲੈ ਕੇ ਉਨ੍ਹਾਂ ਨੂੰ ਬੱਚਿਆਂ ਨਾਲ ਖੁੱਲ੍ਹ ਕੇ ਸੰਵਾਦ ਰਚਾਉਣਾ ਚਾਹੀਦਾ ਹੈ। ਨਵੇਂ ਵਿਸ਼ਿਆਂ ਬਾਰੇ ਖੁਦ ਵੀ ਪਤਾ ਕਰਨਾ ਚਾਹੀਦਾ ਹੈ ਤੇ ਫਿਰ ਬੱਚੇ ਨਾਲ ਸਹਿਜਤਾ ਦੀ ਹਾਲਤ ਵਿਚ ਹਰ ਪੱਖ ਦੀ ਚੀਰ-ਫਾੜ ਕਰ ਕੇ ਦੱਸਣੀ/ਸਮਝਾਉਣੀ ਚਾਹੀਦੀ ਹੈ। ਇਹੀ ਹਾਲਤ ਨੌਜਵਾਨਾਂ ਲਈ ਵੀ ਹੈ ਕਿ ਉਹ ਸਮਝਣ; ਮਾਪੇ ਜਿਨ੍ਹਾਂ ਨੇ ਜਨਮ ਦਿੱਤਾ ਹੈ, ਲਾਡ ਪਿਆਰ ਨਾਲ ਪਾਲਿਆ ਹੈ, ਉਹ ਕਿਸੇ ਵੀ ਤਰ੍ਹਾਂ ਤੁਹਾਡੇ ਵਿਰੋਧੀ ਨਹੀਂ। ਉਹ ਬੱਚਿਆਂ ਦਾ ਵਧੀਆ ਆਸਵੰਦ ਭਵਿੱਖ ਚਾਹੁੰਦੇ ਹਨ। ਹੋ ਸਕਦਾ ਹੈ, ਮਾਪਿਆਂ ਕੋਲ ਜਾਣਕਾਰੀ ਘੱਟ ਹੋਵੇ ਪਰ ਇਹ ਗੱਲ ਮੰਨਣੀ ਚਾਹੀਦੀ ਹੈ ਕਿ ਉਨ੍ਹਾਂ ਕੋਲ ਉਮਰ ਦਾ ਤਜਰਬਾ ਹੈ ਤੇ ਸਮਾਜ ਵਿਚ ਵਿਚਰਨ ਦਾ ਵੀ। ਨੌਜਵਾਨ ਆਪਣੀ ਜਾਣਕਾਰੀ ਨਾਲ ਉਨ੍ਹਾਂ ਨੂੰ ਲੈਸ ਕਰ ਸਕਦੇ ਹਨ ਤੇ ਮਾਪਿਆਂ ਦੀ ਸਿਆਣਪ ਨਾਲ ਖੁਦ ਨੂੰ ਸਾਰਥਕ ਤੇ ਕਾਰਗਰ ਫੈਸਲੇ ਕਰਨ ਦੇ ਹੁਨਰ ਵੱਲ ਤੋਰ ਸਕਦੇ ਹਨ।

ਮੁੱਕਦੀ ਗੱਲ, ਆਪਸੀ ਸੰਵਾਦ ਹੀ ਇਕੋ-ਇਕ ਤਰੀਕਾ ਹੈ ਜਿਸ ਨਾਲ ਕਿੰਨੇ ਹੀ ਰਾਹ ਖੁੱਲ੍ਹ ਸਕਦੇ ਹਨ। ਦੋਹਾਂ ਵਰਗਾਂ ਨੂੰ ਇਕ ਦੂਜੇ ਦੀਆਂ ਭਾਵਨਾਵਾਂ ਨੂੰ ਸਮਝਣਾ ਅਤੇ ਸਵੀਕਾਰ ਕਰਨਾ ਚਾਹੀਦਾ ਹੈ। ਉਂਝ, ਇਸ ਕਾਰਜ ਲਈ ਪਹਿਲ ਦੀ ਉਮੀਦ ਮਾਪਿਆਂ ਤੋਂ ਹੀ ਕੀਤੀ ਜਾਵੇਗੀ।


WE HAVE MOVED TO BIGGER & BETTER LOCATION
#208-7110-120TH ST, SURREY




ICBC
NO WIN NO FEE
WE DO HOME & HOSPITAL VISITS

Your Lawyers,
Because We Care

- Criminal Law
- Divorce Cases
- Immigration Law
- Notary Services

Singh Thind and Associates
BARRISTERS & SOLICITORS

#208 7110 120TH ST,
SURREY, BC V3W 3M8
Tel: 604.543.3886
Toll Free 1.866.543.3886

WWW.SINGHTHINDLAW.COM

# ਐਲਨ ਮਸਕ ਦੀ ਕੰਪਨੀ 'ਚ 14 ਸਾਲਾ ਨੌਜਵਾਨ ਕੈਰਨ ਕਾਜੀ ਬਣਿਆ ਸਪੇਸ ਇੰਜੀਨੀਅਰ

ਲਾਸ ਏਂਜਲਸ-ਲਾਸ ਏਂਜਲਸ ਦੇ 14 ਸਾਲਾਂ ਕੈਰਨ ਕਾਜੀ ਨੂੰ ਐਲਨ ਮਸਕ ਦੀ ਕੰਪਨੀ ਸਪੇਸਐਕਸ ਨੇ ਇੱਕ ਸਾਫਟਵੇਅਰ ਇਜੀਨੀਅਰ ਵਜੋਂ ਨਿਯੁਕਤ ਕੀਤਾ ਹੈ। ਕੈਰਨ ਨੇ ਹਾਲ ਹੀ ਵਿੱਚ ਕੰਪਨੀ ਦੇ ਤਕਨੀਕੀ ਤੌਰ 'ਤੇ ਚੁਣੌਤੀਪੂਰਨ ਅਤੇ ਮਜ਼ੇਦਾਰ ਇਟਰਵਿਊ ਨੂੰ ਕਲੀਅਰ ਕੀਤਾ ਹੈ। ਇਸ ਤੋਂ ਬਾਅਦ ਕੈਰਨ ਨੂੰ ਇਹ ਨੌਕਰੀ ਦੀ ਪੇਸ਼ਕਸ਼ ਕੀਤੀ ਗਈ ਹੈ। ਇਹ ਵੱਖਰੀ ਗੱਲ ਹੈ ਕਿ ਉਹ ਇਸ ਮਹੀਨੇ ਦੇ ਅੰਤ ਵਿੱਚ ਸੈਂਟਾ ਕਲਾਰਾ ਯੂਨੀਵਰਸਿਟੀ ਤੋਂ ਕੰਪਿਊਟਰ ਇਜਨੀਅਰਿਗ ਵਿੱਚ ਆਪਣੀ ਗ੍ਰੈਜੂਏਸ਼ਨ ਪੂਰੀ ਕਰ ਲਵੇਗਾ। ਆਮ ਤੌਰ 'ਤੇ ਅਮਰੀਕਾ ਵਿੱਚ ਗ੍ਰੈਜੂਏਸ਼ਨ ਦੀ ਡਿਗਰੀ 22 ਸਾਲ ਦੀ ਉਮਰ ਵਿੱਚ ਪੂਰੀ ਕੀਤੀ ਜਾਂਦੀ ਹੈ।ਸੋਸ਼ਲ ਮੀਡੀਆ 'ਤੇ ਇਕ ਪੋਸਟ 'ਚ ਕੈਰਨ ਨੇ ਕਿਹਾ, 'ਮੈਂ'ਤੁਸੀਂ ਇਕ ਸਾਫਟਵੇਅਰ ਇੰਜੀਨੀਅਰ ਦੇ ਤੌਰ 'ਤੇ ਧਰਤੀ ਦੀ ਸਭ ਤੋਂ ਵਧੀਆ ਕੰਪਨੀ ਦੀ ਟੀਮ ਨਾਲ ਜੁੜ ਰਿਹਾ ਹਾਂ। ਇਹ ਉਹਨਾਂ ਕੰਪਨੀਆਂ ਵਿੱਚੋਂ ਇੱਕ ਹੈ ਜੋ ਪ੍ਰਤਿਭਾ ਨੂੰ ਵੇਖਦੀ ਹੈ ਨਾ ਕਿ ਉਮਰ ਨੂੰ, ਇਸ ਵਿੱਚ ਦਾਅਵਾ ਕੀਤਾ ਜਾ ਰਿਹਾ ਹੈ ਕਿ ਇਸ ਯੁੱਗ ਵਿੱਚ ਹੁਣ ਤੱਕ ਕੋਈ ਵੀ ਅਜਿਹਾ ਨਹੀਂ ਕਰ ਸਕਿਆ ਹੈ। ਸਪੇਸਐਕਸ ਤੋਂ ਨੌਕਰੀ ਦੀ ਪੇਸ਼ਕਸ਼ ਮਿਲਣ ਤੋਂ ਬਾਅਦ ਉਹ ਦੁਨੀਆਂ ਦਾ ਸਭ ਤੋਂ ਘੱਟ ਉਮਰ ਦਾ ਨੌਜਵਾਨ ਸਪੇਸ ਇੰਜੀਨੀਅਰ ਬਣ ਗਿਆ ਹੈ। ਉਹ ਹੁਣ ਦੁਨੀਆ ਦੇ ਸਭ ਤੋਂ ਪ੍ਰਤਿਭਾਸ਼ਾਲੀ ਅਤੇ ਮਸ਼ਹੂਰ ਕੰਪਿਊਟਰ ਇਜੀਨੀਅਰਾਂ ਨਾਲ ਕੰਮ ਕਰੇਗਾ ਅਤੇ ਪੁਲਾੜ ਯਾਨ ਨੂੰ ਡਿਜ਼ਾਈਨ ਕਰਨ ਵਿੱਚ ਮੱਦਦ ਕਰੇਗਾ।




ਦੱਸਿਆ ਜਾਂਦਾ ਹੈ ਕਿ ਜਦੋਂ ਕੈਰਨ ਦੋ ਸਾਲ ਦਾ ਸੀ, ਉਦੋਂ ਹੀ ਉਸ ਦੇ ਮਾਤਾ-ਪਿਤਾ ਨੂੰ ਅਹਿਸਾਸ ਹੋਇਆ ਕਿ ਪੁੱਤਰ ਆਮ ਨਹੀਂ ਹੈ, ਕਿਉਂਕਿ ਉਦੋਂ ਹੀ ਉਹ ਪੂਰੇ ਵਾਕ ਬੋਲ ਸਕਦਾ ਸੀ। ਜਿਹੜੀਆਂ ਖ਼ਬਰਾਂ ਉਹ ਟੀ.ਵੀ.-ਰੇਡੀਓ 'ਤੇ ਸੁਣਦਾ ਸੀ, ਉਹ ਸਕੂਲ ਜਾ ਕੇ ਅਧਿਆਪਕਾਂ ਤੇ ਹੋਰ ਬੱਚਿਆਂ ਨੂੰ ਸੁਣਾਉਂਦਾ ਸੀ। ਜਦੋਂ ਉਹ ਤੀਸਰੀ ਕਲਾਸ ਵਿਚ ਆਇਆ ਤਾਂ ਅਧਿਆਪਕਾਂ ਨੂੰ ਇਹ ਗੱਲ ਸਪੱਸ਼ਟ ਹੋ ਗਈ ਸੀ ਕਿ ਇਸ ਬੱਚੇ ਦੀ ਸਿੱਖਣ ਦੀ ਕਾਬਲੀਅਤ ਇੰਨੀ ਤੇਜ਼ ਹੈ ਕਿ ਉਹ ਕੁਝ ਮਿੰਟਾਂ ਵਿਚ ਪੂਰਾ ਚੈਪਟਰ ਯਾਦ ਕਰ ਸਕਦਾ ਹੈ। ਉਹ ਆਪਣੀ ਉਮਰ ਦੇ ਬੱਚਿਆਂ ਨਾਲੋਂ ਜ਼ਿਆਦਾ ਸਿਆਣਾ ਲੱਗਦਾ ਸੀ, ਉਸੇ ਤਰ੍ਹਾਂ ਗੱਲ ਕਰਦਾ ਸੀ। 9 ਸਾਲ ਦੀ ਉਮਰ ਵਿੱਚ ਕੈਰਨ ਨੇ ਲਾਸ ਪੋਸੀਟਾਸ ਕਮਿਊਨਿਟੀ ਕਾਲਜ ਵਿੱਚ ਦਾਖਲਾ ਲਿਆ। ਕੈਰਨ ਦਾ ਬਹੁਤਾ ਸਮਾਂ ਲੈਬ ਵਿੱਚ ਬੀਤਿਆ। ਉਥੇ ਬਾਕੀ ਭਾਗ ਲੈਣ ਵਾਲੇ ਉਸ ਤੋਂ ਬਹੁਤ ਵੱਡੇ ਸਨ। ਕੈਰਨ ਨੇ ਪਹਿਲਾਂ ਵੀ ਕਈ ਕੰਪਨੀਆਂ ਲਈ ਕੰਪਿਊਟਰ ਨਾਲ ਸਬੰਧਤ ਸਮੱਸਿਆਵਾਂ ਦਾ ਹੱਲ ਕੀਤਾ ਹੈ।

# ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੇ ਮੁਖੀ ਤੇ ਅੰਮ੍ਰਿਤਪਾਲ ਸਿੰਘ ਦੇ ਨੇੜਲੇ ਅਵਤਾਰ ਸਿੰਘ ਖੰਡਾ ਦੀ ਇੰਗਲੈਂਡ 'ਚ ਮੌਤ

ਨਵੀਂ ਦਿੱਲੀ-ਪਾਬੰਦੀਸ਼ੁਦਾ ਖਾਲਿਸਤਾਨ ਲਿਬਰੇਸ਼ਨ ਫੋਰਸ (ਕੇਐੱਲਐੱਫ) ਦੇ ਅਖੌਤੀ ਮੁਖੀ ਅਤੇ ਜੇਲ੍ਹ 'ਚ ਬੰਦ ਅੰਮ੍ਰਿਤਪਾਲ ਸਿੰਘ ਦੇ ਕਰੀਬੀ ਸਾਥੀ ਅਵਤਾਰ ਸਿੰਘ ਖੰਡਾ ਦੀ ਬਰਤਾਨੀਆ ਦੇ ਬਰਮਿੰਘਮ 'ਚ ਮੌਤ ਹੋ ਗਈ। ਸੂਤਰਾਂ ਨੇ ਮੌਤ ਦਾ ਕਾਰਨ ਕੈਂਸਰ ਦੱਸਿਆ ਹੈ। ਉਸ ਦੇ ਸਮਰਥਕਾਂ ਨੇ ਦਾਅਵਾ ਕੀਤਾ ਕਿ ਉਸ ਦੀ ਮੌਤ ਜ਼ਹਿਰ ਨਾਲ ਹੋਈ ਹੈ। ਸੈਂਡਵੈੱਲ ਹਸਪਤਾਲ ਤੋਂ ਮੈਡੀਕਲ ਰਿਪੋਰਟ ਦੀ ਉਡੀਕ ਕੀਤੀ ਜਾ ਰਹੀ ਹੈ, ਜਿੱਥੇ ਉਸ ਦੀ ਮੌਤ ਹੋ ਗਈ ਸੀ। ਖੰਡਾ ਕੁਝ ਦਿਨਾਂ ਤੋਂ ਲੰਡਨ ਦੇ ਹਸਪਤਾਲ 'ਚ ਵੈਂਟੀਲੇਟਰ 'ਤੇ ਸੀ। ਕੌਮੀ ਜਾਂਚ ਏਜੰਸੀ ਦਾ ਮੰਨਣਾ ਹੈ ਕਿ ਉਹ ਲੰਡਨ ਵਿਚ ਭਾਰਤੀ ਹਾਈ ਕਮਿਸ਼ਨ ਵਿਚ 19 ਮਾਰਚ ਦੀ ਹਿੰਸਾ ਦਾ ਮਾਸਟਰਮਾਈਂਡ ਸੀ। ਖੰਡਾ ਦਾ ਜਨਮ ਮੋਗਾ ਜ਼ਿਲ੍ਹੇ ਵਿੱਚ ਹੋਇਆ। ਖੰਡਾ ਨੂੰ ਜਗਤਾਰ ਸਿੰਘ ਤਾਰਾ ਅਤੇ ਪਰਮਜੀਤ ਸਿੰਘ ਪੰਮਾ ਸਮੇਤ ਕੇਐੱਲਐੱਫ ਦੇ ਹੋਰ ਆਗੂਆਂ ਦੇ ਨੇੜੇ ਮੰਨਿਆ ਜਾਂਦਾ ਸੀ। ਉਸ ਦਾ ਸਬੰਧ ਖਾੜਕੂ ਗੁਰਜੰਟ ਸਿੰਘ ਬੁੱਧਸਿੰਘਵਾਲਾ ਨਾਲ ਵੀ ਸੀ।



# ਕੈਨੇਡਾ ਦੇ ਫੋਕਸ ਕਾਲਜ ਅਤੇ ਸਵਾਈਟ ਪਟਿਆਲਾ ਨੇ ਆਪਸੀ ਸਮਝੌਤਾ ਪੱਤਰ 'ਤੇ ਹਸਤਾਖਰ ਕੀਤੇ

ਸਰੀ (ਹਰਦਮ ਮਾਨ)-ਬੀ.ਸੀ. (ਕੈਨੇਡਾ) ਦੇ ਫੋਕਸ ਕਾਲਜ ਅਤੇ ਸਵਾਮੀ ਵਿਵੇਕਾਨੰਦ ਗਰੁੱਪ ਆਫ਼ ਇੰਸਟੀਚਿਊਟਸ (ਸਵਾਈਟ), ਪਟਿਆਲਾ (ਪੰਜਾਬ) ਵੱਲੋਂ ਬੀਤੇ ਦਿਨ ਵਿਦਿਅਕ ਉੱਦਮ ਨਾਲ ਇੱਕ ਸਮਝੌਤਾ ਪੱਤਰ (MOU) 'ਤੇ ਹਸਤਾਖਰ ਕੀਤੇ ਗਏ ਹਨ। ਇਸ ਆਪਸੀ ਸਮਝੌਤੇ ਨਾਲ SVIET ਦੇ ਅੰਡਰਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਵਿਦਿਆਰਥੀਆਂ ਲਈ ਫੋਕਸ ਕਾਲਜ ਕੈਨੇਡਾ ਵਿਚ ਆਪਣੀ ਪੜ੍ਹਾਈ ਪੂਰੀ ਕਰਨ ਲਈ ਨਵੀਆਂ ਸੰਭਾਵਨਾਵਾਂ ਪੈਦਾ ਹੋਣਗੀਆਂ। ਇਸ ਆਪਸੀ ਸਹਿਮਤੀ ਪੱਤਰ ਉੱਪਰ ਫੋਕਸ ਕਾਲਜ ਦੇ ਸੀ.ਈ.ਓ. ਸਜਾਦ ਅਲੀ ਅਤੇ ਸਵਾਮੀ ਵਿਵੇਕਾਨੰਦ ਗਰੁੱਪ ਆਫ ਇੰਸਟੀਚਿਊਟਸ (ਸਵਾਈਟ) ਦੇ ਚੇਅਰਮੈਨ ਅਸ਼ਵਨੀ ਗਰਗ ਅਤੇ ਪ੍ਰੈਜ਼ੀਡੈਂਟ ਅਸ਼ੋਕ ਗਰਗ ਨੇ ਹਸਤਾਖਰ ਕੀਤੇ ਹਨ। ਇਸ ਮੌਕੇ ਸਵਾਈਟ ਦੇ ਚੇਅਰਮੈਨ ਅਸ਼ਵਨੀ ਗਰਗ ਨੇ ਦੱਸਿਆ ਕਿ SVIET ਦੀ ਸਥਾਪਨਾ 2004 ਵਿੱਚ ਰਘੂਨਾਥ ਰਾਏ ਮੈਮੋਰੀਅਲ ਐਜੂਕੇਸ਼ਨ ਐਂਡ ਚੈਰੀਟੇਬਲ ਟਰੱਸਟ ਵੱਲੋਂ ਚੰਡੀਗੜ੍ਹ-ਪਟਿਆਲਾ ਨੈਸ਼ਨਲ ਹਾਈਵੇ 'ਤੇ ਚੰਡੀਗੜ੍ਹ ਤੋਂ 30 ਕਿਲੋਮੀਟਰ ਦੀ ਦੂਰੀ 'ਤੇ ਬਨੂੜ ਸਥਿਤ ਇੱਕ ਅਤਿ-ਆਧੁਨਿਕ ਕੈਂਪਸ ਰਾਹੀਂ ਕੀਤੀ ਗਈ ਸੀ। ਇਸ ਇੰਸਟੀਚਿਊਟ ਵਿਚ ਇੰਜੀਨੀਅਰਿੰਗ ਅਤੇ ਤਕਨਾਲੋਜੀ, ਫਾਰਮੇਸੀ, ਪ੍ਰਾਹੁਣਚਾਰੀ ਅਤੇ ਕੇਟਰਿੰਗ, ਸਿੱਖਿਆ, ਕੰਪਿਊਟਰ ਐਪਲੀਕੇਸ਼ਨ, ਬਿਜ਼ਨਸ ਸਟੱਡੀਜ਼, ਪੈਰਾ ਮੈਡੀਕਲ, ਬੇਸਿਕ ਸਾਇੰਸਜ਼ ਅਤੇ ਕਾਨੂੰਨ ਦੇ ਖੇਤਰ ਨਾਲ ਸੰਬਧਤ 42 ਕੋਰਸਾਂ ਵਿਚ ਵਿਦਿਆਰਥੀ ਸਿੱਖਿਆ ਹਾਸਲ ਕਰ ਰਹੇ ਹਨ। ਫੋਕਸ ਕਾਲਜ ਦੇ ਸੀ.ਈ..ਓ. ਸਜਾਦ ਅਲੀ ਨੇ ਦੱਸਿਆ ਕਿ ਉਨ੍ਹਾਂ 1992 ਵਿਚ ਫੋਕਸ ਕਾਲਜ ਦੀ ਸਥਾਪਨਾ ਕੀਤੀ ਸੀ ਅਤੇ ਇਸ ਰਾਹੀਂ ਵਪਾਰ, ਆਈ.ਟੀ., ਅਤੇ ਸੈਰ-ਸਪਾਟਾ ਵਿੱਚ ਵਿਸ਼ਵ ਪੱਧਰ 'ਤੇ ਮਾਨਤਾ ਪ੍ਰਾਪਤ, ਰੁਜ਼ਗਾਰ-ਕੇਂਦ੍ਰਿਤ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ ਅਤੇ ਇਸ ਤੋਂ ਇਲਾਵਾ ਆਫਿਸ ਮੈਨੇਜਮੈਂਟ, ਅਕਾਊਂਟਿੰਗ, ਬਾਈ ਲਾ ਅਤੇ ਈ.ਐਸ.ਐਲ. ਛੋਟੇ ਕੋਰਸ ਵੀ ਕਰਵਾਏ ਜਾਂਦੇ ਹਨ। ਉਨ੍ਹਾਂ ਕਿਹਾ ਕਿ ਇਹ ਸਹਿਯੋਗ ਦੋਵਾਂ ਸੰਸਥਾਵਾਂ ਲਈ ਆਪਸੀ ਤੌਰ 'ਤੇ ਲਾਭਦਾਇਕ ਹੋਵੇਗਾ ਅਤੇ ਸਵਾਈਟ ਦੇ ਵਿਦਿਆਰਥੀਆਂ ਲਈ ਬੀ.ਸੀ. (ਕੈਨੇਡਾ) ਵਿੱਚ ਕੇਲੋਨਾ, ਐਬਟਸਫੋਰਡ, ਸਰੀ ਅਤੇ ਵੈਨਕੂਵਰ ਵਿਖੇ ਸਥਿਤ ਫੋਕਸ ਕਾਲਜ ਦੇ ਚਾਰ ਕੈਂਪਸਾਂ ਵਿੱਚੋਂ ਕਿਸੇ ਵਿਚ ਵੀ ਆਪਣੀ ਪੜ੍ਹਾਈ ਪੂਰੀ ਕਰਨ ਲਈ ਵੱਖ-ਵੱਖ ਰਸਤੇ ਖੁੱਲ੍ਹ ਜਾਣਗੇ। ਇਸ ਮੌਕੇ ਕਾਲਜ ਦੀ ਮੈਨੇਜਮੈਂਟ ਵੱਲੋਂ ਉਮਰ ਦੁਰਾਨੀ, ਰੁਚੀ ਸਿੰਗਲਾ ਅਤੇ ਸਰੀ ਦੀ ਅਹਿਮ ਸ਼ਖ਼ਸੀਅਤ ਜਸਵਿੰਦਰ ਦਿਲਾਵਰੀ ਵੀ ਮੌਜੂਦ ਸਨ।


BLESS TRAVEL

Bless Travel

DUBAI TOUR

Tour Date Nov 2-6, 2023



Start From $1250

Inclusions:
*Hotel Accomodation
*Hyatt Place Dubai Al Wasl
*Daily Meals
*Transfers * Guide

All Inclusive Tours & Travel Packages Around The world

Flights Direct to Delhi starting from 1400




*ਫਲਾਈਟ *ਕਰੂਜ
*ਗਰੁੱਪ ਟੂਰ *ਟਰੈਵਲ ਇੰਸ਼ੋਰੈਂਸ

9 ਦਿਨਾਂ ਦਾ ਪਾਕਿਸਤਾਨ ਗੁਰਦੁਆਰਾ ਟੂਰ




9 DAYS PAKISTAN GURUDWARA TOUR

Tour Date Nov 21-29, 2023

ਗੁਰਧਾਮਾਂ ਦੀ ਯਾਤਰਾ ਲਈ ਟੋਰਾਂਟੋ ਤੋਂ ਰਵਾਨਗੀ

**ਪਹਿਲਾ ਦਿਨ-** 10 ਵਜੇ ਸਵੇਰੇ ਵਾਗਾਹ ਬਾਰਡਰ ਤੋਂ ਪਾਕਿਸਤਾਨ ਨੂੰ ਰਵਾਨਗੀ
**ਦੂਸਰਾ ਦਿਨ-** ਗੁਰਦੁਆਰਾ ਰੋੜੀ ਸਾਹਿਬ, ਚੱਕੀ ਸਾਹਿਬ, ਲਾਲੋ ਦੇ ਖੂਹ।
**ਤਿਸਰਾ ਦਿਨ-** ਪੰਜਾ ਸਾਹਿਬ ਅਤੇ ਦੁਪਿਹਰ ਨੂੰ ਫੈਜ਼ਲ ਮਸਜ਼ਿਦ।
**ਚੋਥਾ ਦਿਨ-** ਸੱਚਾ ਸੌਦਾ ਅਤੇ ਨਨਕਾਣਾ ਸਾਹਿਬ ਤੋਂ ਬਾਅਦ ਗੁਰਦੁਆਰਾ ਖੇਰਾ ਸਾਹਿਬ, ਮਲਜੀ ਸਾਹਿਬ, ਪੰਜਮੀ ਅਤੇ ਛੇਵੀਂ ਪਾਤਸ਼ਾਹੀ ਪੱਟੀ ਸਾਹਿਬ, ਤੰਬੂ ਸਾਹਿਬ ਅਤੇ ਬਲੀਲਾ ਸਾਹਿਬ
**ਪੰਜਵਾਂ ਦਿਨ-** ਲਾਹੌਰ ਦੇ ਲੋਕਲ ਗੁਰਦੁਆਰੇ ਭਾਈ ਤਾਰੂ ਸਿੰਘ, ਜਨਮ ਸਥਾਨ ਗੁਰੂ ਅਮਰਦਾਸ ਜੀ, ਡੇਹਰਾ ਸਾਹਿਬ, ਲਾਹੌਰ ਕਿਲ੍ਹਾ।
**ਛੇਵਾਂ ਦਿਨ-** ਗੁਰਦੁਵਾਰਾ ਕਰਤਾਰਪੁਰ ਸਾਹਿਬ।
**ਸੱਤਵਾਂ ਦਿਨ-** ਪੂਰਾ ਦਿਨ ਨਨਕਾਣਾ ਸਾਹਿਬ।
**ਅੱਠਵਾਂ ਦਿਨ-** ਗੁਰਦੁਵਾਰਾ ਬੀਬੀ ਨਾਨਕੀ ਅਤੇ ਸ਼ਰਾਇਨ ਆਫ ਮੀਆਂ ਮੀਰ ਟੋਂਬ
**ਨੌਵਾਂ ਦਿਨ-** ਵਾਗਾਹ ਬਾਰਡਰ ਨੂੰ ਵਾਪਸੀ



We are offering LOYALTY PROGRAM, whoever book with us
We offer points, which they can use for there future trips

(SERVICE IN ENGLISH, HINDI & PUNJABI)

604-503-5210

Add:#343-8140-128St, Surrey
(Payal Business centre)
For Tour Information:
Email:rav@blesstravel.ca





# ਵੈਨਕੂਵਰ ਵਿਚਾਰ ਮੰਚ ਵੱਲੋਂ ਪ੍ਰਸਿੱਧ ਪੰਜਾਬੀ ਵਿਦਵਾਨ ਪ੍ਰੋ: ਰਵਿੰਦਰ ਸਿੰਘ ਨਾਲ ਰੂਬਰੂ ਪ੍ਰੋਗਰਾਮ

## ਪ੍ਰੋ: ਰਵਿੰਦਰ ਸਿੰਘ ਨੇ ਪੰਜਾਬੀ ਸਾਹਿਤ, ਪੰਜਾਬ ਅਤੇ ਪਰਵਾਸੀ ਪੰਜਾਬੀਆਂ ਬਾਰੇ ਉਠਾਏ ਕਈ ਅਹਿਮ ਨੁਕਤੇ

ਸਰੀ (ਹਰਦਮ ਮਾਨ)-ਵੈਨਕੂਵਰ ਵਿਚਾਰ ਮੰਚ ਵੱਲੋਂ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਭਾਰਤ ਤੋਂ ਆਏ ਪ੍ਰਸਿੱਧ ਪੰਜਾਬੀ ਆਲੋਚਕ ਅਤੇ ਦਿਆਲ ਸਿੰਘ ਕਾਲਜ (ਦਿੱਲੀ ਯੂਨੀਵਰਸਿਟੀ) ਦੇ ਪ੍ਰੋਫੈਸਰ ਰਵਿੰਦਰ ਸਿੰਘ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿਚ ਪ੍ਰੋ. ਰਵਿੰਦਰ ਸਿੰਘ ਨੇ ਪੰਜਾਬੀ ਸਾਹਿਤ ਦੇ ਵਿਚਾਰਧਾਰਕ ਪੱਖ, ਰਾਜਨੀਤਕ ਸੁਰ, ਗੁਰਬਾਣੀ, ਪੰਜਾਬ, ਪਰਵਾਸੀ ਪੰਜਾਬ ਅਤੇ ਪੰਜਾਬੀਅਤ ਬਾਰੇ ਵਿਸਥਾਰ ਵਿਚ ਬੜੇ ਅਹਿਮ ਪਹਿਲੂਆਂ ਉਪਰ ਆਪਣਾ ਨਜ਼ਰੀਆ ਪੇਸ਼ ਕੀਤਾ। ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਵੈਨਕੂਵਰ ਵਿਚਾਰ ਮੰਚ ਦੇ ਜਨਰਲ ਸਕੱਤਰ ਮੋਹਨ ਗਿੱਲ ਨੇ ਪ੍ਰੋ. ਰਵਿੰਦਰ ਸਿੰਘ, ਉਨ੍ਹਾਂ ਦੀ ਧਰਮ ਪਤਨੀ ਗੁਰਜੀਤ ਕੌਰ ਅਤੇ ਹਾਜਰ ਸ਼ਖ਼ਸੀਅਤਾਂ ਨੂੰ ਜੀ ਆਇਆਂ ਆਖਦਿਆਂ ਪ੍ਰੋ. ਰਵਿੰਦਰ ਸਿੰਘ ਬਾਰੇ ਸੰਖੇਪ ਜਾਣਕਾਰੀ ਦਿੱਤੀ। ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਮੰਚ ਦੀ ਸਥਾਪਨਾ ਅਤੇ ਉਦੇਸ਼ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਇਹ ਇਕ ਅਜਿਹਾ ਪਲੇਟਫਾਰਮ ਜਿੱਥੇ ਆ ਕੇ ਕੋਈ ਵੀ ਸਾਹਿਤਕਾਰ, ਵਿਦਵਾਨ, ਕਲਾਕਾਰ, ਸਮਾਜ ਸੇਵੀ, ਪੱਤਰਕਾਰ ਆਪਣੀ ਵਿਚਾਰਧਾਰਾ ਦਾ ਪ੍ਰਗਟਾਵਾ ਨਿਰਸੰਕੋਚ ਕਰ ਸਕਦਾ ਹੈ। ਪ੍ਰੋ. ਰਵਿੰਦਰ ਸਿੰਘ ਨੇ ਇੰਡੀਅਨ ਇੰਸਟੀਚਿਊਟ ਆਫ ਅਡਵਾਂਸਡ ਸਟੱਡੀ ਸ਼ਿਮਲਾ ਵਿਖੇ ਆਪਣੀ ਮੌਜੂਦਾ ਜ਼ਿੰਮੇਂਵਾਰੀ ਬਾਰੇ ਦੱਸਣ ਤੋਂ ਬਾਅਦ ਪੰਜਾਬੀ ਸਾਹਿਤ ਦੀ ਗੱਲ ਕਰਦਿਆਂ ਕਿਹਾ ਕਿ ਅਜੋਕਾ ਪੰਜਾਬੀ ਸਾਹਿਤ ਮੁੱਢਲੇ ਤੌਰ ਦੇ ਰਾਜਨੀਤੀ ਤੋਂ ਪ੍ਰਭਾਵਿਤ ਹੈ ਅਤੇ ਇਸ ਵਿੱਚੋਂ ਵਿਚਾਰਧਾਰਕ ਪੱਖ ਛੁੱਟ ਰਿਹਾ ਹੈ। ਅੱਜ ਦਾ ਸਾਹਿਤ ਆਮ ਲੋਕਾਂ ਦੀ ਪਕੜ ਤੋਂ ਬਾਹਰ ਹੋ ਰਿਹਾ ਹੈ ਪਰ ਲੇਖਕਾਂ ਨੂੰ ਇਸ ਦਾ ਅਹਿਸਾਸ ਪੂਰੀ ਤਰ੍ਹਾਂ ਨਹੀਂ ਹੋ ਰਿਹਾ। ਉਨ੍ਹਾਂ ਕਿਹਾ ਕਿ ਅਸੀਂ ਜਦੋਂ ਕਿਸੇ ਵੀ ਸਾਹਿਤਕ ਰਚਨਾ ਨੂੰ ਕਿਸੇ ਵਿਸ਼ੇਸ਼ ਵਿਚਾਰਧਾਰਾ ਤਹਿਤ ਵਾਚਦੇ ਹਾਂ ਜਾਂ ਕਿਸੇ ਖਾਸ ਤੇ ਇਕਹਿਰੇ ਨਜ਼ਰੀਆ ਨਾਲ ਪੜ੍ਹਦੇ ਹਾਂ ਤਾਂ ਉਹ ਰਚਨਾ ਇਕ ਦਾਇਰੇ ਵਿਚ ਸਿਮਟ ਕੇ ਰਹਿ ਜਾਂਦੀ ਹੈ। ਉਨ੍ਹਾਂ ਕਿਹਾ ਕਿ ਸਾਹਿਤ ਦੀ ਰਚਨਾ ਭਾਵੇਂ ਪੰਜਾਬ ਵਿਚ ਕੀਤੀ ਜਾ ਰਹੀ ਹੈ ਜਾਂ ਵਿਦੇਸ਼ਾਂ ਵਿਚ ਹੋ ਰਹੀ ਹੈ ਪਰ ਉਸ ਵਿਚਲਾ ਪੰਜਾਬੀ ਖਾਸਾ ਇੱਕੋ ਹੀ ਹੈ। ਉਨ੍ਹਾਂ ਨਵੀਂ ਪੀੜ੍ਹੀ ਵੱਲੋਂ ਬਹੁਤ ਘੱਟ ਸਾਹਿਤ ਲਿਖਣ ਦੀ ਗੱਲ ਵੀ ਕਹੀ। ਪ੍ਰੋ. ਰਵਿੰਦਰ ਸਿੰਘ ਨੇ ਕਿਹਾ ਕਿ ਵਿਦੇਸ਼ ਵਿਚ ਬੈਠ ਕੇ ਪੰਜਾਬ ਬਾਰੇ ਚਿੰਤਾ ਹੋਣੀ ਜ਼ਰੂਰੀ ਤਾਂ ਹੈ ਪਰ ਬਾਹਰ ਬੈਠ ਕੇ ਅਸੀਂ ਕੁੱਝ ਨਹੀਂ ਕਰ ਸਕਦੇ, ਕਰਨਾ ਤਾਂ ਉਨ੍ਹਾਂ ਲੋਕਾਂ ਨੇ ਹੀ ਹੈ ਜੋ ਪੰਜਾਬ ਵਿਚ ਬੈਠੇ ਹਨ। ਉਨ੍ਹਾਂ ਕਿਹਾ ਕਿ ਮੀਡੀਆ ਜਾਂ ਸੋਸ਼ਲ ਮੀਡੀਆ ਰਾਹੀਂ ਕਿਸੇ ਇਕ ਧਿਰ ਦੇ ਵਿਚਾਰ ਜਾਂ ਪੱਖ ਸੁਣ ਕੇ ਉਸ ਨੂੰ ਹੀ ਸੱਚ ਨਹੀਂ ਮੰਨ ਲੈਣਾ ਚਾਹੀਦਾ ਸਗੋਂ ਵਿਵਾਦ ਪੂਰਨ ਮਸਲਿਆਂ ਬਾਰੇ ਵੱਖ ਵੱਖ ਸਰੋਤਾਂ ਤੋਂ ਸਾਰੇ ਧਿਰਾਂ ਦਾ ਪੱਖ ਜਾਣ ਕੇ ਹੀ ਆਪਣੀ ਕੋਈ ਸੋਚ ਨਿਰਧਾਰਤ ਕਰਨੀ ਚਾਹੀਦੀ ਹੈ। ਕਲਚਰ, ਸਮੱਸਿਆਵਾਂ, ਮੰਗਾਂ ਸੰਵਾਦ ਰਚਾਉਣ। ਇਸ ਮੌਕੇ ਬੋਲਦਿਆਂ ਉਨ੍ਹਾਂ ਦੀ ਸੁਪਤਨੀ ਗੁਰਜੀਤ ਕੌਰ ਨੇ ਕਿਹਾ ਕਿ ਬੜੀ ਹੈਰਾਨੀ ਹੁੰਦੀ ਹੈ ਕਿ ਅਸੀਂ ਪੰਜਾਬ ਤੋਂ, ਭਾਰਤ ਤੋਂ ਆਏ ਹਾਂ, ਜਾਣਾ ਵੀ ਓਥੇ ਚਾਹੁੰਦੇ ਹਾਂ, ਸਾਡੀ ਸੋਚ ਵੀ ਓਥੇ ਜੁੜੀ ਹੋਈ ਹੈ, ਉਸ ਮਿੱਟੀ ਨਾਲ ਸਾਨੂੰ ਮੋਹ ਪਿਆਰ ਵੀ ਹੈ ਅਤੇ ਅਸੀਂ ਇਹ ਵੀ ਭੁੱਲ ਨਹੀਂ ਸਕਦੇ ਕਿ ਉਸ ਧਰਤੀ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ ਪਰ ਫੇਰ ਵੀ ਓਥੋਂ ਬਾਰੇ ਅਸੀਂ ਨਾਂਹ ਪੱਖੀ ਸ਼ਬਦਾਵਲੀ ਦੀ ਵਰਤੋਂ ਕਰ ਰਹੇ ਹਾਂ। ਕੀ ਸਾਨੂੰ ਆਪਣੀ ਜਨਮ ਭੋਇੰ ਨੂੰ ਕੁਝ ਵਾਪਸ ਕਰਨ ਬਾਰੇ ਨਹੀਂ ਸੋਚਣਾ ਚਾਹੀਦਾ। ਇਸ ਰੂਬਰੂ ਪ੍ਰੋਗਰਾਮ ਸਮੇਂ ਡਾ. ਹਰਜੀਤ ਕੌਰ ਖੈਹਿਰਾ, ਸਤੀਸ਼ ਗੁਲਾਟੀ, ਮੋਹਨ ਗਿੱਲ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਮੰਚ ਦੇ ਸਰਪ੍ਰਸਤ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਅੰਤ ਵਿਚ ਪ੍ਰੋ. ਰਵਿੰਦਰ ਸਿੰਘ ਅਤੇ ਸਭਨਾਂ ਹਾਜਰ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਰੂਬਰੂ ਪ੍ਰੋਗਰਾਮ ਵਿਚ ਡਾ. ਸੁਖਵਿੰਦਰ ਸਿੰਘ ਸੇਖੋਂ, ਲਖਵਿੰਦਰ ਸਿੰਘ ਅੌਜਲਾ, ਕੁਲਦੀਪ ਮਿਨਹਾਸ, ਜਰਨਲਿਸਟ ਬਖਸ਼ਿੰਦਰ ਅਤੇ ਹਰਦਮ ਸਿੰਘ ਮਾਨ ਵੀ ਮੌਜੂਦ ਸਨ।



# ਨਾਈਜੀਰੀਆ 'ਚ ਵਿਆਹ ਦੇ ਸਮਾਗਮ ਤੋਂ ਪਰਤ ਰਹੇ ਬਰਾਤੀਆਂ ਦੀ ਕਿਸ਼ਤੀ ਪਲਟੀ-100 ਮੌਤਾਂ

ਅਬੁਜਾ-ਉੱਤਰੀ ਨਾਈਜੀਰੀਆ ਵਿੱਚ ਇੱਕ ਵਿਆਹ ਤੋਂ ਪਰਤ ਰਹੇ ਲੋਕਾਂ ਨੂੰ ਲੈ ਕੇ ਜਾ ਰਹੀ ਇੱਕ ਕਿਸ਼ਤੀ ਦੇ ਪਲਟ ਜਾਣ ਕਾਰਨ ਕਰੀਬ 100 ਲੋਕਾਂ ਦੀ ਮੌਤ ਹੋ ਗਈ ਹੈ ਅਤੇ ਕਈ ਲਾਪਤਾ ਹਨ। ਪੁਲਸ ਅਤੇ ਸਥਾਨਕ ਨਿਵਾਸੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਿਸ ਬੁਲਾਰੇ ਊਕਾਸਾਨਮੀ ਨੇ ਦੱਸਿਆ ਕਿ ਸੋਮਵਾਰ ਤੜਕੇ ਗੁਆਂਢੀ ਨਾਈਜਰ ਰਾਜ ਦੇ ਕਵਾਰਾ ਰਾਜ ਵਿੱਚ ਨਾਈਜਰ ਨਦੀ ਵਿੱਚ ਕਿਸ਼ਤੀ ਪਲਟ ਗਈ। ਸਥਾਨਕ ਨਿਵਾਸੀ ਉਸਮਾਨ ਇਬਰਾਹਿਮ ਨੇ ਦੱਸਿਆ ਕਿ ਪੀੜਤ ਔਰਤਾਂ ਅਤੇ ਬੱਚੇ ਨਾਈਜਰ ਰਾਜ ਦੇ ਇਗਬੋਤੀ ਪਿੰਡ ਵਿੱਚ ਰਾਤ ਭਰ ਚੱਲੇ ਵਿਆਹ ਸਮਾਗਮ ਤੋਂ ਵਾਪਸ ਆ ਰਹੇ ਸਨ। ਫਿਰ ਕਿਸ਼ਤੀ ਪਲਟ ਗਈ। ਕਿਸ਼ਤੀ ਵਿੱਚ 100 ਤੋਂ ਵੱਧ ਲੋਕ ਸਵਾਰ ਸਨ। ਉਨ੍ਹਾਂ ਦੱਸਿਆ ਕਿ ਇਹ ਹਾਦਸਾ ਤੜਕੇ 3 ਵਜੇ ਦੇ ਕਰੀਬ ਵਾਪਰਿਆ ਅਤੇ ਕਈਆਂ ਨੂੰ ਇਸ ਬਾਰੇ ਕੁਝ ਘੰਟਿਆਂ ਬਾਅਦ ਹੀ ਪਤਾ ਲੱਗਾ।












# ਜਹਾਜ਼ ਹਾਦਸੇ 'ਚ ਲਾਪਤਾ ਹੋਏ ਚਾਰ ਬੱਚੇ ਐਮਾਜ਼ਾਨ ਦੇ ਜੰਗਲ ਵਿਚ 40 ਦਿਨਾਂ ਤੱਕ ਪੌਦੇ ਖਾ ਕੇ ਬਚੇ

ਖਾਕਵੇਟਾ-ਚਾਲੀ ਦਿਨ ਪਹਿਲਾਂ ਕੋਲੰਬੀਆ ਦੇ ਐਮਾਜ਼ਾਨ ਦੇ ਜੰਗਲਾਂ ਵਿੱਚ ਇੱਕ ਜਹਾਜ਼ ਹਾਦਸਾਗ੍ਰਸਤ ਹੋ ਗਿਆ ਸੀ। ਇਸ ਘਟਨਾ ਤੋਂ ਬਾਅਦ ਖ਼ਬਰ ਆਈ ਕਿ ਜਹਾਜ਼ ਵਿਚ ਸਵਾਰ ਸਾਰੇ ਲੋਕ ਮਾਰੇ ਗਏ ਹਨ। ਹੁਣ ਦੱਸਿਆ ਗਿਆ ਹੈ ਕਿ ਇਸ ਜਹਾਜ਼ ਵਿਚ ਸਵਾਰ ਚਾਰ ਬੱਚੇ ਜ਼ਿੰਦਾ ਮਿਲੇ ਹਨ। ਇਹ ਸਾਰੇ ਭੈਣ-ਭਰਾ ਹਨ। ਦੱਸਿਆ ਜਾ ਰਿਹਾ ਹੈ ਕਿ ਆਪਣੀ ਜਾਨ ਬਚਾਉਣ ਲਈ ਉਸ ਨੇ ਜੰਗਲ ਵਿਚ ਬੀਜ, ਜੜ੍ਹਾਂ ਅਤੇ ਪੌਦੇ ਖਾ ਕੇ ਦਿਨ ਕੱਟੇ। ਇਨ੍ਹਾਂ ਭੈਣਾਂ-ਭਰਾਵਾਂ ਨੂੰ ਕੋਲੰਬੀਆ ਦੇ ਕਾਕਵੇਟਾ ਅਤੇ ਗੁਆਵੀਏਰ ਪ੍ਰਾਂਤਾਂ ਵਿਚਕਾਰ ਫੌਜ ਅਤੇ ਸੰਗਠਨਾਂ ਦੁਆਰਾ ਇੱਕ ਬਚਾਅ ਮੁਹਿਮ ਦੁਆਰਾ ਬਚਾਇਆ ਗਿਆ ਸੀ। ਨੈਸ਼ਨਲ ਆਰਗੇਨਾਈਜ਼ੇਸ਼ਨ ਆਫ਼ ਇੰਡੀਜੇਨਸ ਪੀਪਲਜ਼ ਆਫ਼ ਕੋਲੰਬੀਆ ਦਾ ਕਹਿਣਾ ਹੈ ਕਿ ਬੱਚਿਆਂ ਦਾ ਬਚਣਾ ਇਸ ਗੱਲ ਦਾ ਸੰਕੇਤ ਹੈ ਕਿ ਉਨ੍ਹਾਂ ਨੂੰ ਕੁਦਰਤੀ ਵਾਤਾਵਰਣ ਅਤੇ ਇਸ ਨਾਲ ਉਨ੍ਹਾਂ ਦੇ ਸਬੰਧਾਂ ਬਾਰੇ ਕਿੰਨਾ ਗਿਆਨ ਸੀ, ਜੋ ਮਾਂ ਦੇ ਗਰਭ ਵਿੱਚ ਸ਼ੁਰੂ ਹੁੰਦਾ ਹੈ। ਰਾਸ਼ਟਰਪਤੀ ਗੁਸਤਾਵੋ ਪੈਟਰੋ ਨੇ ਉਐਨਆਈਸੀ ਅਤੇ ਸੈਨਿਕਾਂ ਦੀ ਪ੍ਰਸ਼ੰਸਾ ਕੀਤੀ ਅਤੇ ਕਿਹਾ ਕਿ ਇਹ ਜੰਗਲ ਲਈ ਸਨਮਾਨ ਨੂੰ ਦਰਸਾਉਂਦਾ ਹੈ। ਸਿਪਾਹੀਆਂ ਨੇ ਤਲਾਸ਼ੀ ਦੌਰਾਨ 20 ਦਿਨਾਂ ਤੱਕ ਦੇਸੀ ਟਰੈਕਰਾਂ ਦੇ ਨਾਲ-ਨਾਲ ਕੰਮ ਕੀਤਾ। ਫੌਜ ਦੇ ਹੈਲੀਕਾਪਟਰਾਂ ਨੇ ਬੱਚਿਆਂ ਦੀ ਦਾਦੀ ਦੀ ਇੱਕ ਰਿਕਾਰਡਿੰਗ ਪ੍ਰਸਾਰਿਤ ਕੀਤੀ, ਜਿਸ ਵਿੱਚ ਉਨ੍ਹਾਂ ਨੂੰ ਸਵਦੇਸ਼ੀ ਹੁਇਟੋਟੋ ਭਾਸ਼ਾ ਵਿੱਚ, ਬਚਾਅਕਰਤਾ ਦੇ ਪਹੁੰਚਣ ਤੱਕ ਰੁਕਣ ਲਈ ਕਿਹਾ ਗਿਆ। ਜਾਣਕਾਰੀ ਮੁਤਾਬਿਕ 1 ਮਈ ਨੂੰ ਸੇਸਨਾ ਨਾਂ ਦੀ ਕੰਪਨੀ ਦਾ ਸਿੰਗਲ ਇੰਜਣ ਵਾਲਾ ਪ੍ਰੋਪੈਲਰ ਜਹਾਜ਼ ਕਰੈਸ਼ ਹੋ ਗਿਆ ਸੀ। ਇਹ ਜਹਾਜ਼ ਸੱਤ ਲੋਕਾਂ ਨੂੰ ਲੈ ਕੇ ਐਮਾਜ਼ਾਨ ਸੂਬੇ ਦੇ ਸੈਨ ਜੋਸ ਡੇਲ ਅਮੇਜ਼ਨ ਸ਼ਹਿਰ ਜਾ ਰਿਹਾ ਸੀ। ਇੰਜਣ ਫੇਲ ਹੋਣ ਕਾਰਨ ਜਹਾਜ਼ ਰਡਾਰ ਤੋਂ ਬਾਹਰ ਹੋ ਗਿਆ ਸੀ। ਜਿਸ ਤੋਂ ਬਾਅਦ ਇਹ ਹਾਦਸਾ ਵਾਪਰਿਆ। ਇਸ ਤੋਂ ਬਾਅਦ ਤਲਾਸ਼ੀ ਮੁਹਿਮ ਸ਼ੁਰੂ ਕੀਤੀ ਗਈ ਪਰ ਸਿਰਫ਼ ਤਿੰਨ ਲੋਕਾਂ ਦੀਆਂ ਲਾਸ਼ਾਂ ਮਿਲੀਆਂ। ਜਦਕਿ ਚਾਰ ਬੱਚੇ ਲਾਪਤਾ ਹੋ ਗਏ ਸਨ। ਪਰ ਅਧਿਕਾਰੀਆਂ ਨੇ ਉਨ੍ਹਾਂ ਦੀ ਤਲਾਸ਼ੀ ਮੁਹਿਮ ਬੰਦ ਨਹੀਂ ਕੀਤੀ ਸੀ। ਅਧਿਕਾਰੀਆਂ ਨੂੰ ਸ਼ੱਕ ਸੀ ਕਿ ਬੱਚੇ ਬਚ ਗਏ ਹਨ।

# ਚੀਨ ਵਲੋਂ ਭਾਰਤ ਦੇ ਆਖਰੀ ਪੱਤਰਕਾਰ ਨੂੰ ਵੀ ਬੀਜਿੰਗ ਛੱਡਣ ਦੇ ਹੁਕਮ

ਬੀਜਿੰਗ-ਚੀਨ ਨੇ ਭਾਰਤ ਦੇ ਆਖਰੀ ਪੱਤਰਕਾਰ ਨੂੰ ਵੀ ਬੀਜਿੰਗ ਛੱਡਣ ਦਾ ਹੁਕਮ ਜਾਰੀ ਕਰ ਦਿੱਤਾ ਹੈ। ਰਿਪੋਰਟ ਮੁਤਾਬਕ ਚੀਨੀ ਅਧਿਕਾਰੀਆਂ ਨੇ ਪ੍ਰੈਸ ਟਰੱਸਟ ਆਫ ਇੰਡੀਆ (ਪੀਟੀਆਈ) ਦੇ ਪੱਤਰਕਾਰ ਨੂੰ ਇਸ ਮਹੀਨੇ ਹੀ ਦੇਸ਼ ਛੱਡਣ ਲਈ ਕਿਹਾ ਹੈ। ਡਰੈਗਨ ਦਾ ਦੋਸ਼ ਹੈ ਕਿ ਭਾਰਤ ਚੀਨੀ ਪੱਤਰਕਾਰਾਂ ਨਾਲ ਗਲਤ ਵਿਵਹਾਰ ਕਰ ਰਿਹਾ ਹੈ। ਜਿਸ ਕਾਰਨ ਉਸ ਨੇ ਵੀ ਜਵਾਬੀ ਕਾਰਵਾਈ ਕਰਦਿਆਂ ਇਹ ਕਦਮ ਚੁੱਕਿਆ ਹੈ। ਇਸ ਪੱਤਰਕਾਰ ਦੇ ਭਾਰਤ ਪਰਤਣ ਤੋਂ ਬਾਅਦ ਦੁਨੀਆਂ ਦੀ ਦੂਜੀ ਸਭ ਤੋਂ ਵੱਡੀ ਅਰਥਵਿਵਸਥਾ ਚੀਨ ਤੋਂ ਭਾਰਤੀ ਮੀਡੀਆ ਦੀ ਮੌਜੂਦਗੀ ਖ਼ਤਮ ਹੋ



ਜਾਵੇਗੀ। ਭਾਰਤ ਦਾ ਇੱਕ ਵੀ ਪੱਤਰਕਾਰ ਚੀਨ ਵਿੱਚ ਨਹੀਂ ਰਹੇਗਾ। ਦੱਸ ਦਈਏ ਕਿ ਇਸ ਸਾਲ ਦੀ ਸ਼ੁਰੂਆਤ ਵਿੱਚ 4 ਭਾਰਤੀ ਪੱਤਰਕਾਰ ਚੀਨ ਵਿੱਚ ਕੰਮ ਕਰ ਰਹੇ ਸਨ। ਇਨ੍ਹਾਂ ਵਿੱਚ 'ਹਿੰਦੁਸਤਾਨ ਟਾਈਮਜ਼' ਅਖ਼ਬਾਰ ਦੇ ਰਿਪੋਰਟਰ ਨੇ ਪਿਛਲੇ ਹਫ਼ਤੇ ਹੀ ਬੀਜਿੰਗ ਛੱਡ ਦਿੱਤਾ ਸੀ, ਜਦੋਂ ਕਿ ਸਰਕਾਰੀ ਚੈਨਲ ਪ੍ਰਸਾਰ ਭਾਰਤੀ ਅਤੇ 'ਦਿ ਹਿੰਦੂ ਅਖ਼ਬਾਰ' ਦੇ ਪੱਤਰਕਾਰਾਂ ਨੂੰ ਚੀਨ ਨੇ ਅਪ੍ਰੈਲ ਵਿੱਚ ਵਾਪਸ ਆਉਣ ਤੋਂ ਰੋਕ ਦਿੱਤਾ ਸੀ, ਕਿਉਂਕਿ ਉਨ੍ਹਾਂ ਦੇ ਵੀਜ਼ੇ ਰੀਨਿਊ ਨਹੀਂ ਕੀਤੇ ਗਏ ਸਨ। ਇਸ ਰਿਪੋਰਟ ਮੁਤਾਬਕ ਚੀਨ ਦੇ ਵਿਦੇਸ਼ ਮੰਤਰਾਲੇ ਨੇ ਇਸ ਮਾਮਲੇ 'ਚ ਅਜੇ ਤੱਕ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਇਸ ਦੇ ਨਾਲ ਹੀ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਵੀ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ। ਪਿਛਲੇ ਮਹੀਨੇ ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਓ ਨਿੰਗ ਨੇ ਕਿਹਾ ਸੀ ਕਿ ਭਾਰਤ ਵਿਚ ਸਿਰਫ ਇਕ ਚੀਨੀ ਪੱਤਰਕਾਰ ਬਚਿਆ ਹੈ, ਜੋ ਅਜੇ ਵੀਜ਼ਾ ਰੀਨਿਊਲ ਦੀ ਉਡੀਕ ਕਰ ਰਿਹਾ ਹੈ। ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਵੈਂਗ ਵੇਨਬਿਨ ਨੇ ਸੋਮਵਾਰ ਨੂੰ ਦੋਸ਼ ਲਗਾਇਆ ਕਿ ਭਾਰਤ ਵਿੱਚ ਚੀਨੀ ਪੱਤਰਕਾਰਾਂ ਨਾਲ ਗਲਤ ਵਿਵਹਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਉਮੀਦ ਹੈ ਕਿ ਭਾਰਤ ਇਸ 'ਤੇ ਜਲਦੀ ਹੀ ਵਿਚਾਰ ਕਰੇਗਾ। ਜ਼ਿਕਰਯੋਗ ਹੈ ਕਿ ਭਾਰਤ ਨੇ ਚੀਨ ਦੀ ਸਰਕਾਰੀ ਮੀਡੀਆ ਸਿਨਹੂਆ ਨਿਊਜ਼ ਏਜੰਸੀ ਅਤੇ ਚਾਈਨਾ ਸੈਂਟਰਲ ਟੈਲੀਵਿਜ਼ਨ ਦੇ ਦੋ ਪੱਤਰਕਾਰਾਂ ਦੀਆਂ ਵੀਜ਼ਾ ਰੀਨਿਊ ਦੀਆਂ ਅਰਜ਼ੀਆਂ ਨੂੰ ਰੱਦ ਕਰ ਦਿੱਤਾ ਸੀ। ਭਾਰਤ ਨੇ ਕਿਹਾ ਸੀ ਕਿ ਚੀਨੀ ਪੱਤਰਕਾਰ ਭਾਰਤ ਵਿੱਚ ਬਿਨਾਂ ਕਿਸੇ ਰੁਕਾਵਟ ਦੇ ਕੰਮ ਕਰਦੇ ਹਨ। ਪਰ ਚੀਨ ਵਿੱਚ ਭਾਰਤੀ ਪੱਤਰਕਾਰਾਂ ਨਾਲ ਅਜਿਹਾ ਨਹੀਂ ਹੈ। ਬੀਜਿੰਗ ਵਿੱਚ ਭਾਰਤੀ ਪੱਤਰਕਾਰਾਂ ਨਾਲ ਬਦਸਲੂਕੀ ਹਾਲਾਂਕਿ ਦੋਵਾਂ ਦੇਸ਼ਾਂ ਨੇ ਸੰਪਰਕ ਵਿੱਚ ਰਹਿਣ ਦੀ ਗੱਲ ਵੀ ਕਹੀ ਸੀ।

# ਟਰੰਪ ਨੇ ਖ਼ੁਫ਼ੀਆ ਦਸਤਾਵੇਜ਼ ਘਰ ਰੱਖਣ ਦੇ ਦੋਸ਼ ਨਾ ਕਬੂਲੇ

ਵਾਸ਼ਿੰਗਟਨ-ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਡੋਨਲਡ ਟਰੰਪ ਨੇ ਫਲੋਰਿਡਾ ਦੀ ਆਪਣੀ ਰਿਹਾਇਸ਼ 'ਚ



ਖ਼ੁਫ਼ੀਆ ਦਸਤਾਵੇਜ਼ ਰੱਖ ਕੇ ਦਰਜਨਾਂ ਵਾਰ ਕਾਨੂੰਨ ਦਾ ਉਲੰਘਣ ਕਰਨ ਦਾ ਗੁਨਾਹ ਨਹੀਂ ਕਬੂਲਿਆ ਹੈ। ਟਰੰਪ ਮੰਗਲਵਾਰ ਨੂੰ ਮਿਆਮੀ ਦੀ ਅਦਾਲਤ 'ਚ ਪੇਸ਼ ਹੋਏ। ਉਹ ਸੰਘੀ ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨ ਵਾਲੇ ਦੇਸ਼ ਦੇ ਪਹਿਲੇ ਸਾਬਕਾ ਰਾਸ਼ਟਰਪਤੀ ਬਣ ਗਏ ਹਨ। ਨੇਵੀ ਸੂਟ ਅਤੇ ਲਾਲ ਰੰਗ ਦੀ ਟਾਈ ਪਹਿਨੀ ਟਰੰਪ ਫਲੋਰਿਡਾ ਦੀ ਮਿਆਮੀ ਅਦਾਲਤ 'ਚ ਸੁਣਵਾਈ ਸ਼ੁਰੂ ਹੋਣ ਤੋਂ 15 ਮਿੰਟ ਪਹਿਲਾਂ ਪੁੱਜੇ ਅਤੇ ਬਹੁਤ ਸੰਭਲ ਕੇ ਆਪਣੀ ਕੁਰਸੀ 'ਤੇ ਬੈਠੇ। ਉਦੋਂ ਤੱਕ ਜੱਜ ਅਦਾਲਤ ਦੇ ਕਮਰੇ 'ਚ ਨਹੀਂ ਪੁੱਜੇ ਸਨ। ਟਰੰਪ ਦਾ ਪੁੱਤਰ ਐਰਿਕ ਟਰੰਪ ਅਦਾਲਤ 'ਚ ਆਪਣੇ ਪਿਤਾ ਨਾਲ ਸੀ। ਇਹ ਅਜਿਹਾ ਇਤਿਹਾਸਕ ਮਾਮਲਾ ਹੈ ਜੋ 2024 ਦੀਆਂ ਚੋਣਾਂ ਨੂੰ ਦੇਖਦਿਆਂ ਅਮਰੀਕਾ ਦੇ ਸਿਆਸੀ ਅਤੇ ਕਾਨੂੰਨੀ ਦ੍ਰਿਸ਼ ਨੂੰ ਬਦਲ ਸਕਦਾ ਹੈ। ਏਬੀਸੀ ਨਿਊਜ਼ ਦੀ ਇਕ ਰਿਪੋਰਟ ਮੁਤਾਬਕ ਟਰੰਪ ਸੁਣਵਾਈ ਦੌਰਾਨ ਧਰਤੀ ਵੱਲ ਹੇਠਾਂ ਦੇਖਦੇ ਰਹੇ। ਸੰਘੀ ਵਕੀਲਾਂ ਨੇ ਟਰੰਪ 'ਤੇ ਆਪਣੇ ਕਾਰਜਕਾਲ ਦੌਰਾਨ ਖ਼ੁਫ਼ੀਆ ਦਸਤਾਵੇਜ਼ ਹਾਸਲ ਕਰਨ ਅਤੇ ਉਨ੍ਹਾਂ ਨੂੰ ਆਪਣੇ ਕੋਲ ਰੱਖਣ ਦੇ ਦੋਸ਼ ਲਾਏ। ਸਾਬਕਾ ਰਾਸ਼ਟਰਪਤੀ 'ਤੇ 37 ਸੰਘੀ ਦੋਸ਼ ਲਾਏ ਗਏ ਹਨ ਜਿਨ੍ਹਾਂ 'ਚੋਂ 31 ਜਾਸੂਸੀ ਐਕਟ ਦੀ ਉਲੰਘਣਾ ਨਾਲ ਜੁੜੇ ਹੋਏ ਹਨ। ਟਰੰਪ ਦੇ ਵਕੀਲ ਟੋਡ ਬਲਾਂਸ਼ੇ ਨੇ ਕਿਹਾ,"ਅਸੀਂ ਜੁਰਮ ਨਹੀਂ ਕਬੂਲਣ ਸਬੰਧੀ ਪਟੀਸ਼ਨ ਦਾਖ਼ਲ ਕਰ ਰਹੇ ਹਾਂ।"


Injured in an accident?

ICBC claim?

We can help.

Experienced and Professional staff are available for you. We cover all litigation expenses and if there is no recovery, there are no fees to you. Legal services also available in Punjabi,Hindi,Urdu.

ਆਈ.ਸੀ.ਬੀ.ਸੀ ਅਤੇ ਪਰਸਨਲ ਇੰਜਰੀ ਕਲੇਮ
- ਤਜ਼ੁਰਬੇਕਾਰ ਅਤੇ ਪ੍ਰੋਫੈਸ਼ਨਲ ਸਟਾਫ ਤੁਹਾਡੀ ਸੇਵਾ ਵਿੱਚ ਹੈ।
- ਮੁਕੱਦਮਾ ਨਾ ਜਿੱਤਣ ਤੇ ਕੋਈ ਫੀਸ ਨਹੀ ਲਈ ਜਾਵੇਗੀ
- ਅਸੀਂ ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰਦੇ ਹਾਂ।

We handle accident issues related to:
- Brain and spinal cord injuries
- Fatality claims
- Chronic pain
- Soft tissue injuries
- All economic damages and losses
- Slip and fall injuries



For a fair settlement for your claim, call Mandeep Randhawa today.
604-449-7500

RM TRIAL LAWYERS
MANDEEP RANDHAWA LAW CORPORATION

PERSONAL INJURY LAWYERS
T 604-449-7500 F 604-449-7501
mrandhawa@rmlawyers.ca www.rmlawyers.ca
205-7134 King George Boulevard, Surrey, BC V3W 5A3


Broadcasting Across North America
MULTI CULTURAL
AM 1600/FM 105.3
Vancouver
ਰੇਡੀਓ ਪੰਜਾਬ
Radio Punjab
Sukhdev Singh Dhillon
CEO (Ph) : 604-345-3510
Tony Saini
Sales Manager 778-308-1600
Sarbraj Singh Kahlon
General Manager 604-307-3510
PROGRAMMING
MONDAY - FRIDAY
Gurbani Vichaar By: Dupinder K Saran 6:00-7:00 AM
The Jaskaran Show 7:00-10:00 AM
Parmvir S Baath 9:00-10:00 AM
The Baljinder K Show 10:00 AM-12:00 PM
Sanjhe Vichaar By Amrit Bhatti 12:00-2:00 PM
The Lovey Pannu Show 2:00-4:00 PM
Mehak Punjab Di By Preet Goswami 4:00-5:00 PM
The Paul Brar Show 5:00-8:00 PM
Nazaria By Arashdeep Singh 8:00-10:00 PM
Vancouver AM1600/Surrey FM105.3
Seattle AM 1250 Fresno AM 1600 Dallas AM 890
Baskersfield AM 1490 Indianapolis AM 1470
Download Radio Punjab Official App from:
Google play
Download on the App Store
WEEKENDS
Sakatar S. Sandhu Seattle
Kamal Aujla 8am -10 am
Harsharan Dhaliwal 10-12 pm
Dr Jass Malkeet 12-2 pm sundays
Parmeet Kaur 2-4 pm
Neema Manral 4-6 pm
Angrej Singh Brar 12-2 pm Saturdays
Amarjit S. Sidhu 6-9 pm
Studio : 604-335-1313 Sales : 604-307-3510
E-mail: info@radiopunjab.com, Web: www.radiopunjab.ca


ਵਧੀਆ
ਸੇਵਾਵਾਂ ਦੇ ਨਾਲ
ਆਪਣੇ ਘਰ ਨੂੰ
ਸੁਰੱਖਿਅਤ ਰੱਖੋ
COMPLETE
PEST
CONTROL
ਅਸੀਂ ਹੇਠ ਲਿਖੀਆਂ
ਸੇਵਾਵਾਂ ਵਿੱਚ ਮਾਹਿਰ ਹਾਂ:
• ਕੀੜੀਆਂ
• ਬੈੱਡ ਬੱਗ ਕੰਟਰੋਲ
• ਪੰਛੀ ਨਿਯੰਤਰਣ
• ਮਧੂ-ਮੱਖੀਆਂ, ਮੱਖੀਆਂ ਅਤੇ ਹੌਰਨੇਟਸ
• ਕਾਕਰੋਚ
• ਫਲੀਜ਼ ਅਤੇ ਟਿੱਕਸ
• ਰਕੂਨ ਅਤੇ ਗਿਲਹਿਰਿਆਂ
• ਚੂਹਿਆਂ ਤੋਂ ਬਚਾਅ
• ਮੱਕੜੀਆਂ ਤੋਂ ਬਚਾਅ
• ਜੰਗਲੀ ਜੀਵਾਂ ਤੋਂ ਬਚਾਅ
Pressure Sprayer
ਅਮਨਪ੍ਰੀਤ ਸਿੰਘ
Certified Service Specialist
E-mail: completepestcontrol786@gmail.com
Ph: 778-970-5786

# ਪਾਕਿਸਤਾਨ ਨੂੰ ਤਿਣਕਿਆਂ ਦਾ ਸਹਾਰਾ

**ਜੀ ਪਾਰਥਾਸਾਰਥੀ**

ਲੰਮੇ ਸਮੇਂ ਤੋਂ ਪਾਕਿਸਤਾਨ 'ਆਰਥਿਕ ਨਾਕਾਮੀ ਦੀ ਕੌਮਾਂਤਰੀ ਸੂਰਤ' ਬਣਿਆ ਹੋਇਆ ਹੈ ਜੋ ਵਿਦੇਸ਼ੀ ਇਮਦਾਦ ਅਤੇ ਗੱਫਿਆਂ 'ਤੇ ਬਹੁਤ ਜ਼ਿਆਦਾ ਟੇਕ ਰੱਖ ਕੇ ਚੱਲਦਾ ਰਿਹਾ। ਕੋਵਿਡ ਮਹਾਮਾਰੀ ਤੋਂ ਬਾਅਦ ਇਸ ਦੀ ਟੇਕ ਹੋਰ ਵਧ ਗਈ। ਪਾਕਿਸਤਾਨ ਦਾ ਅਰਥਚਾਰਾ ਲਗਾਤਾਰ ਸੰਕਟ ਵਿਚ ਘਿਰਿਆ ਰਿਹਾ ਹੈ ਅਤੇ ਆਰਥਿਕ ਤੌਰ 'ਤੇ ਉਹ ਹੁਣ ਤੱਕ ਬਹੁਤਾ ਕਰ ਕੇ ਵਿਦੇਸ਼ੀ ਇਮਦਾਦ ਦੇ ਸਹਾਰੇ ਟਿਕਿਆ ਹੋਇਆ ਹੈ। ਇਮਰਾਨ ਖ਼ਾਨ ਬਹੁਤ ਹੰਕਾਰੀ ਆਗੂ ਹੈ ਜੋ ਆਪਣੀਆਂ ਵਿਦੇਸ਼ ਅਤੇ ਘਰੋਗੀ ਨੀਤੀਆਂ ਬਾਰੇ ਕੌਮੀ ਸਿਆਸੀ ਆਮ ਸਹਿਮਤੀ ਪੈਦਾ ਨਾ ਕਰ ਸਕਿਆ। ਇੰਝ, ਉਸ ਨੇ ਆਪਣੇ ਦੋਸਤਾਂ ਤੇ ਦੁਸ਼ਮਣਾਂ, ਦੋਵਾਂ ਨੂੰ ਖਫ਼ਾ ਕਰ ਲਿਆ ਅਤੇ ਇਸ ਦੌਰਾਨ ਪਾਕਿਸਤਾਨ ਦਾ ਅਰਥਚਾਰਾ ਢਹਿ ਢੇਰੀ ਹੋਣ ਵੱਲ ਵਧਦਾ ਰਿਹਾ। ਮੇਰੇ ਇਕ ਪਾਕਿਸਤਾਨੀ ਮਿੱਤਰ ਨੇ ਹਾਲ ਹੀ ਵਿਚ ਟਿੱਪਣੀ ਕੀਤੀ ਕਿ ਉਨ੍ਹਾਂ ਦੇ ਦੇਸ਼ ਨੂੰ ਸੰਕਟ 'ਚੋਂ ਨਿਕਲਣ ਲਈ ਡਾ. ਮਨਮੋਹਨ ਸਿੰਘ ਵਰਗੇ ਆਗੂ ਦੀ ਲੋੜ ਸੀ। ਇਮਰਾਨ ਖ਼ਾਨ ਦੀਆਂ ਇਸਲਾਮੀ ਤਰਜ਼ਾਂ ਕਰ ਕੇ ਪੱਛਮ ਦੇ ਆਗੂ ਵੀ ਉਸ ਨੂੰ ਪਸੰਦ ਨਹੀਂ ਕਰਦੇ ਅਤੇ ਇਸੇ ਤਰ੍ਹਾਂ ਪਾਕਿਸਤਾਨ ਦੇ ਮਿੱਤਰ ਕੁਝ ਅਰਬ ਦੇਸ਼ਾਂ ਖ਼ਾਸਕਰ ਸਾਊਦੀ ਅਰਬ ਵਲੋਂ ਵੀ ਉਸ ਤੋਂ ਦੂਰੀ ਵਰਤੀ ਜਾ ਰਹੀ ਹੈ। ਆਖ਼ਰੀ ਸਮਿਆਂ 'ਚ ਜਦੋਂ ਇਮਰਾਨ ਖ਼ਾਨ ਦੀ ਸਿਆਸਤ ਡਿਕਡੋਲੇ ਖਾ ਰਹੀ ਸੀ ਤਾਂ ਮਾਸਕੋ ਨਾਲ ਸਾਂਝ ਦਾ ਪੁਲ ਉਸਾਰਨ ਲਈ ਉਨ੍ਹਾਂ ਦੀ ਚਾਰਾਜੋਈ ਵੀ ਕੰਮ ਨਾ ਆਈ। ਸਭ ਤੋਂ ਅਹਿਮ ਗੱਲ ਇਹ ਕਿ ਤਤਕਾਲੀ ਸੈਨਾਪਤੀ ਜਨਰਲ ਕਮਰ ਜਾਵੇਦ ਬਾਜਵਾ ਜੋ ਅਮਰੀਕਾ ਨਾਲ ਸਾਂਝ ਭਿਆਲੀ ਨੂੰ ਸਭ ਤੋਂ ਜ਼ਿਆਦਾ ਅਹਿਮੀਅਤ ਦਿੰਦੇ ਸਨ, ਨਾਲ ਉਨ੍ਹਾਂ ਦੇ ਸਬੰਧ ਤਣਾਅ ਪੂਰਨ ਹੀ ਨਹੀਂ ਸਗੋਂ ਬੇਸੁਆਦੇ ਹੋ ਗਏ। ਇਸ ਦੇ ਬਾਵਜੂਦ ਜਨਰਲ ਬਾਜਵਾ ਨੇ ਯੂਕਰੇਨ ਲਈ ਪਾਕਿਸਤਾਨੀ ਹਥਿਆਰ ਮੁਹੱਈਆ ਕਰਵਾਏ ਸਨ ਅਤੇ ਉਨ੍ਹਾਂ ਭਾਰਤ ਨਾਲ ਲਗਦੀ ਸਰਹੱਦ 'ਤੇ ਦਹਿਸ਼ਤਗਰਦੀ ਦੀਆਂ ਘਟਨਾਵਾਂ ਉੱਤੇ ਕਾਬੂ ਪਾਉਣ ਲਈ ਕਾਫ਼ੀ ਕੋਸ਼ਿਸ਼ਾਂ ਕੀਤੀਆਂ ਸਨ।

ਇਹ ਕੋਈ ਲੁਕੀ ਛੁਪੀ ਗੱਲ ਨਹੀਂ ਕਿ ਜਨਰਲ ਬਾਜਵਾ ਚੰਗੀ ਤਰ੍ਹਾਂ ਜਾਣਦੇ ਸਨ ਕਿ ਗਹਿਰੇ ਹੋ ਰਹੇ ਆਰਥਿਕ ਸੰਕਟ ਦੇ ਪੇਸ਼ੇਨਜ਼ਰ ਭਾਰਤ ਨਾਲ ਲਗਦੀਆਂ ਪਾਕਿਸਤਾਨ ਦੀਆਂ ਪੂਰਬੀ ਸਰਹੱਦਾਂ 'ਤੇ ਤਣਾਅ ਜਾਰੀ ਰੱਖਣ ਦੀ ਕੋਈ ਤੁੱਕ ਨਹੀਂ ਬਣਦੀ; ਦੂਜੇ ਪਾਸੇ ਅਫ਼ਗਾਨ ਤਾਲਿਬਾਨ ਅਤੇ ਉਨ੍ਹਾਂ ਦੇ ਪਾਕਿਸਤਾਨੀ ਸਕੇ ਸੋਧਰਿਆਂ ਨਾਲ ਸਮੀਕਰਨ ਵਿਗੜਨ ਲੱਗ ਪਏ ਹਨ। ਪਾਕਿਸਤਾਨ ਦੇ ਅੰਦਰ ਹੀ ਨਹੀਂ, ਅਫ਼ਗਾਨਿਸਤਾਨ ਨਾਲ ਲਗਦੀ ਸਰਹੱਦ ਦੇ ਆਰ ਪਾਰ ਵੀ ਤਾਲਿਬਾਨ ਨੂੰ ਕਾਬੂ ਹੇਠ ਰੱਖਣਾ ਔਖਾ ਹੋ ਰਿਹਾ ਹੈ। ਅਮਰੀਕੀ ਨਿਜ਼ਾਮ ਨੂੰ ਉਦੋਂ ਅਪਮਾਨਜਨਕ ਸਥਿਤੀ ਦਾ ਸਾਹਮਣਾ ਕਰਨਾ ਪਿਆ ਸੀ ਜਦੋਂ ਉਸ ਦੀਆਂ ਫ਼ੌਜਾਂ, ਸਫ਼ੀਰਾਂ ਅਤੇ ਲੋਕਾਂ ਨੂੰ ਅਫ਼ਗਾਨਿਸਤਾਨ 'ਚੋਂ ਦੌੜਨਾ ਪਿਆ ਸੀ। ਉਸ ਵੇਲੇ ਆਈਐਸਆਈ ਦੇ ਮੁਖੀ ਜੇਤੂ ਰੌਂਅ ਵਿਚ ਕਾਬੁਲ ਪਹੁੰਚੇ ਸਨ ਜਦਕਿ ਬਹੁਤ ਸਾਰੇ ਪਾਕਿਸਤਾਨੀ ਇਸ ਨੂੰ ਅਮਰੀਕਾ ਦੀ ਸ਼ਰਮਨਾਕ ਹਾਰ ਨਾਲ ਤਸ਼ਬੀਹ ਦੇ ਰਹੇ ਸਨ। ਉਦੋਂ ਤੋਂ ਹੀ ਅਮਰੀਕਾ ਨੇ ਕੌਮਾਂਤਰੀ ਆਰਥਿਕ ਇਮਦਾਦ ਦੇ ਸਵਾਲ 'ਤੇ ਸਖ਼ਤ ਰੁਖ਼ ਅਪਣਾ ਲਿਆ ਸੀ। ਪਾਕਿਸਤਾਨ ਨੂੰ ਫ਼ੌਰੀ ਇਮਦਾਦ ਅਤੇ ਆਈਐਮਐਫ ਤੋਂ ਹਰੀ ਝੰਡੀ ਦੀ ਲੋੜ ਸੀ ਤਾਂ ਕਿ ਕੌਮਾਂਤਰੀ ਬਰਾਦਰੀ ਅਤੇ ਵਿਸ਼ਵ ਬੈਂਕ ਅਤੇ ਏਡੀਬੀ ਜਿਹੇ ਕੌਮਾਂਤਰੀ ਵਿੱਤੀ ਅਦਾਰੇ ਉਸ ਦੀ ਮਦਦ ਲਈ ਆਪਣੇ ਦਰਵਾਜ਼ੇ ਖੋਲ੍ਹ ਸਕਣ।

ਪਾਕਿਸਤਾਨ ਕੋਲ ਇਸ ਸਮੇਂ ਮਸਾਂ ਇਕ ਮਹੀਨੇ ਦੀਆਂ ਦਰਾਮਦਾਂ ਜੋਗੇ ਵਿਦੇਸ਼ੀ ਮੁਦਰਾ ਭੰਡਾਰ ਬਚੇ ਹਨ। ਹੋਰ ਤਾਂ ਹੋਰ, ਇਸ ਦੇ 'ਸਦਾਬਹਾਰ ਦੋਸਤ' ਚੀਨ ਨੇ ਵੀ ਹੁਣ ਤੱਕ ਸੰਕੇਤਕ ਇਮਦਾਦ ਹੀ ਮੁਹੱਈਆ ਕਰਵਾਈ ਹੈ। ਚੀਨ ਆਪਣੇ ਵਲੋਂ ਵਿੱਢੇ ਜਾਣ ਵਾਲੇ ਸਾਰੇ ਪ੍ਰਾਜੈਕਟਾਂ ਵਿਚ ਆਪਣੀ ਮੌਜੂਦਗੀ ਅਤੇ ਆਪਣੇ ਸਾਜ਼ੋ-ਸਾਮਾਨ ਅਤੇ ਮਾਨਵ ਸ਼ਕਤੀ ਦੀ ਵਰਤੋਂ ਕਰਨ 'ਤੇ ਡਟਿਆ ਹੋਇਆ ਹੈ। ਪਾਕਿਸਤਾਨ ਨੂੰ ਚੀਨ ਦਾ ਕਰਜ਼ਾ ਤਬਾਦਲਾਯੋਗ ਕਰੰਸੀਆਂ ਵਿਚ ਕਰਨਾ ਪਵੇਗਾ। ਵੱਡੀ ਗੱਲ ਇਹ ਹੈ ਕਿ ਆਈਐਮਐਫ ਦੀਆਂ ਸਖ਼ਤ ਸ਼ਰਤਾਂ ਨੂੰ ਪ੍ਰਵਾਨ ਕੀਤਿਆਂ ਅਤੇ ਇਨ੍ਹਾਂ ਬਾਰੇ ਬਜਟ ਵਿਚ ਐਲਾਨ ਕੀਤਿਆਂ ਬਗ਼ੈਰ ਪਾਕਿਸਤਾਨ ਨੂੰ ਕੌਮਾਂਤਰੀ ਇਮਦਾਦ ਮਿਲਣੀ ਨਾਮੁਮਕਿਨ ਹੈ। ਇੱਥੋਂ ਤੱਕ ਕਿ ਸਾਊਦੀ ਅਰਬ ਅਤੇ ਸੰਯੁਕਤ ਅਰਬ ਅਮੀਰਾਤ ਜਿਹੇ ਮਿੱਤਰ ਮੁਲਕਾਂ ਨੇ ਵੀ ਹੁਣ ਤੱਕ ਸੰਕੇਤਕ ਇਮਦਾਦ ਹੀ ਦਿੱਤੀ ਹੈ। ਆਪਣੇ ਖਜ਼ਾਨਿਆਂ ਦੇ ਮੂੰਹ ਖੋਲ੍ਹਣ ਤੋਂ ਪਹਿਲਾਂ ਉਹ ਆਈਐਮਐਫ ਤੋਂ ਹਰੀ ਝੰਡੀ ਮਿਲਣ ਦੀ ਉਡੀਕ ਕਰਨਗੇ। ਪਾਕਿਸਤਾਨ ਇਸ ਗੱਲੋਂ ਖ਼ੁਸ਼ਨਸੀਬ ਹੈ ਕਿ ਇਸ ਵੇਲੇ ਦੇਸ ਦੀ ਕਮਾਨ ਸ਼ਾਹਬਾਜ਼ ਸ਼ਰੀਫ਼ ਦੇ ਹੱਥਾਂ ਵਿਚ ਹੈ ਜਿਨ੍ਹਾਂ ਦੇ ਸਾਊਦੀ ਅਰਬ ਦੇ ਸ਼ਾਹੀ ਖ਼ਾਨਦਾਨ ਨਾਲ ਲੰਮੇ ਸਮੇਂ ਤੋਂ ਕਰੀਬੀ ਸਬੰਧ ਰਹੇ ਹਨ। ਜੇ ਇਮਰਾਨ ਖ਼ਾਨ ਪ੍ਰਧਾਨ ਮੰਤਰੀ ਹੁੰਦੇ ਤਾਂ ਸਾਊਦੀ ਅਰਬ ਤੋਂ ਇਮਦਾਦ ਉੱਕਾ ਹੀ ਨਹੀਂ ਆਉਣੀ ਸੀ।

ਪਾਕਿਸਤਾਨ ਵਿਚ ਆਮ ਚੋਣਾਂ ਇਸ ਸਾਲ ਅਕਤੂਬਰ ਮਹੀਨੇ ਹੋਣੀਆਂ ਹਨ ਪਰ ਇਸ ਦੌਰਾਨ ਜਨਰਲ ਆਸਿਮ ਮੁਨੀਰ ਦੀ ਅਗਵਾਈ ਹੇਠ ਫ਼ੌਜ ਇਮਰਾਨ ਖ਼ਾਨ ਅਤੇ ਉਸ ਦੇ ਕੁਝ ਬਚੇ ਖੁਚੇ ਵਫ਼ਾਦਾਰਾਂ ਨੂੰ ਜੇਲ੍ਹ ਭੇਜਣ 'ਤੇ ਤੁਲੀ ਹੋਈ ਹੈ ਤਾਂ ਕਿ ਇਮਰਾਨ ਖ਼ਾਨ ਦੀ ਪਾਰਟੀ ਪਾਕਿਸਤਾਨ ਤਹਿਰੀਕ-ਏ-ਇਨਸਾਫ਼ (ਪੀਟੀਆਈ) ਨੂੰ ਤਹਿਸ ਨਹਿਸ ਕਰ ਦਿੱਤਾ ਜਾਵੇ। ਫ਼ੌਜ ਨੇ ਸੱਤਾ ਆਪਣੇ ਹੱਥ ਵਿਚ ਲੈ ਕੇ ਸ਼ਰਾਰਤੀ ਲੋਕਾਂ, 'ਪੀਟੀਆਈ' ਦੇ ਸੀਨੀਅਰ ਆਗੂਆਂ ਖਿਲਾਫ਼ ਕਾਰਵਾਈ ਵਿੱਢੀ ਹੋਈ ਹੈ। ਪਾਕਿਸਤਾਨ ਪੀਪਲਜ਼ ਪਾਰਟੀ ਜਿਹੀਆਂ ਪਾਰਟੀਆਂ ਇਸ ਗੱਲੋਂ ਖ਼ੁਸ਼ ਹਨ ਕਿ ਇਸ ਨਾਲ ਦੱਖਣੀ ਪੰਜਾਬ ਅਤੇ ਸਿੰਧ ਵਿਚ ਨਵੇਂ ਚਿਹਰਿਆਂ ਨੂੰ ਉਭਰਨ ਦਾ ਮੌਕਾ ਮਿਲ ਸਕਦਾ ਹੈ। ਇਮਰਾਨ ਖ਼ਾਨ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਹਨ ਅਤੇ ਫਿਲਹਾਲ ਜ਼ਮਾਨਤ 'ਤੇ ਚੱਲ ਰਹੇ ਹਨ। ਪਾਕਿਸਤਾਨ ਦੀ ਸੁਪਰੀਮ ਕੋਰਟ ਦੇ ਚੀਫ ਜਸਟਿਸ ਜਿਨ੍ਹਾਂ ਬਾਰੇ ਸੁਣਨ ਵਿਚ ਆਇਆ ਹੈ ਕਿ ਉਨ੍ਹਾਂ ਦੇ ਮਨ ਵਿਚ ਸਦਰ ਬਣਨ ਦੀ ਖ਼ਾਹਿਸ਼ ਹੈ, ਕੁਝ ਗਿਣੇ ਚੁਣੇ ਲੋਕਾਂ 'ਚੋਂ ਹਨ ਜੋ ਇਮਰਾਨ ਖ਼ਾਨ ਨੂੰ ਜੇਲ੍ਹ ਜਾਣ ਤੋਂ ਬਚਾਉਣ ਲਈ ਪੂਰੀ ਵਾਹ ਲਾ ਸਕਦੇ ਹਨ। ਚੀਫ ਜਸਟਿਸ ਫ਼ੌਜਦਾਰੀ ਕੇਸਾਂ ਦਾ ਸਾਹਮਣਾ ਕਰ ਰਹੇ ਪੀਟੀਆਈ ਦੇ ਹਰ ਆਗੂ ਦੀ ਜ਼ਮਾਨਤ ਮਨਜ਼ੂਰ ਕਰ ਰਹੇ ਹਨ। ਉਂਝ ਜਿਸ ਤਰ੍ਹਾਂ ਜਨਰਲ ਮੁਨੀਰ ਇਮਰਾਨ ਖ਼ਾਨ ਨੂੰ ਦੋਸ਼ੀ ਕਰਾਰ ਦੇ ਕੇ ਸਿਆਸਤ ਤੋਂ ਲਾਂਭੇ ਕਰਨ 'ਤੇ ਤੁਲੇ ਹੋਏ ਹਨ, ਉਸ ਨਾਲ ਬਹੁਤ ਸਾਰੇ ਸਿਆਸਤਦਾਨਾਂ ਨੂੰ ਇਮਰਾਨ ਦੀ ਤਹਿਰੀਕ-ਏ-ਇਨਸਾਫ਼ ਨਾਲੋਂ ਨਾਤਾ ਤੋੜਨ ਲਈ ਮਜਬੂਰ ਹੋਣਾ ਪੈ ਰਿਹਾ ਹੈ।



ਆਈਐਮਐਫ ਨੇ ਪਾਕਿਸਤਾਨ ਖਿਲਾਫ਼ ਸਖ਼ਤ ਰੁਖ਼ ਅਪਣਾਇਆ ਹੋਇਆ ਹੈ ਜਿਸ ਕਰ ਕੇ ਸੰਭਾਵੀ ਦਾਨੀਆਂ ਨੇ ਵੀ ਆਪਣੇ ਹੱਥ ਘੁੱਟ ਰੱਖੇ ਹਨ। ਪਾਕਿਸਤਾਨ ਕੋਲ ਇਸ ਵੇਲੇ ਮਸਾਂ ਇਕ ਮਹੀਨੇ ਦੀਆਂ ਦਰਾਮਦਾਂ ਦੀ ਪੂਰਤੀ ਕਰਨ ਜੋਗੀ ਵਿਦੇਸ਼ੀ ਮੁਦਰਾ ਬਚੀ ਹੈ। ਪਾਕਿਸਤਾਨ ਦੀ ਮੌਜੂਦਾ ਸਥਿਤੀ ਦੀ ਗੰਭੀਰਤਾ ਵੱਲ ਇਸ਼ਾਰਾ ਕਰਦਿਆਂ ਆਈਐਮਐਫ ਦੇ ਇਕ ਸੀਨੀਅਰ ਅਹਿਲਕਾਰ ਨੇ ਹਾਲ ਹੀ ਵਿਚ ਆਖਿਆ ਸੀ ਕਿ ਪਾਕਿਸਤਾਨ ਲਈ ਕੁਝ ਤਕਲੀਫ਼ਦੇਹ ਸੁਧਾਰ ਕਰਨ ਲਈ ਕਦਮ ਪੁੱਟਣੇ ਜ਼ਰੂਰੀ ਹਨ ਤਾਂ ਕਿ ਆਈਐਮਐਫ ਤੋਂ ਇਮਦਾਦ ਦਾ ਰਾਹ ਸਾਫ਼ ਹੋ ਸਕੇ। ਸਾਲ 2022-23 ਦੌਰਾਨ ਪਾਕਿਸਤਾਨ ਦੇ ਅਰਥਚਾਰੇ ਵਿਚ 0.3 ਫ਼ੀਸਦ ਵਾਧਾ ਹੋਇਆ ਸੀ ਅਤੇ ਪਿਛਲੇ ਸਾਲ ਇਸ ਦੀ ਪ੍ਰਤੀ ਜੀਅ ਆਮਦਨ ਵਿਚ ਵੀ ਕਮੀ ਆਈ ਸੀ। ਇਹ ਗੱਲ ਸਾਫ਼ ਹੈ ਕਿ ਇਨ੍ਹਾਂ ਹਾਲਾਤ ਵਿਚ ਪਾਕਿਸਤਾਨ ਨੂੰ ਭਾਰਤ ਖਿਲਾਫ਼ ਸਰਹੱਦ ਪਾਰ ਦਹਿਸ਼ਤਗਰਦੀ ਨੂੰ ਸ਼ਹਿ ਦੇਣ ਵਿਚ ਬਹੁਤ ਇਹਤਿਆਤ ਵਰਤਣੀ ਪਵੇਗੀ। ਪਾਕਿਸਤਾਨ ਦੇ ਸਾਬਕਾ ਥਲ ਸੈਨਾ ਮੁਖੀ ਜਨਰਲ ਬਾਜਵਾ ਨੇ ਆਖਿਆ ਸੀ ਕਿ ਦਹਿਸ਼ਤਗਰਦੀ ਦੀ ਪੁਸ਼ਤ-ਪਨਾਹੀ ਕਰਨ ਕਰ ਕੇ ਪਾਕਿਸਤਾਨ ਨੇ ਮੁਸੀਬਤਾਂ ਹੀ ਖੱਟੀਆਂ ਸਨ ਅਤੇ ਕੌਮਾਂਤਰੀ ਭਾਈਚਾਰੇ ਨਾਲ ਇਸਲਾਮਾਬਾਦ ਦ ਸਬੰਧਾਂ ਵਿਚ ਵੀ ਦਿੱਕਤਾਂ ਪੈਦਾ ਹੋਈਆਂ ਹਨ। ਇੰਝ ਉਨ੍ਹਾਂ ਇਹ ਪ੍ਰਵਾਨ ਕੀਤਾ ਸੀ ਕਿ ਪਾਕਿਸਤਾਨ ਨੂੰ ਤਹਿਰੀਕ-ਏ-ਤਾਲਿਬਾਨ ਪਾਕਿਸਤਾਨ ਅਤੇ ਬਲੋਚ ਵੱਖਵਾਦੀਆਂ ਦੇ ਰੂਪ ਵਿਚ ਆਪਣੀਆਂ ਸਰਹੱਦਾਂ 'ਤੇ ਸਮੱਸਿਆਵਾਂ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਪਾਕਿਸਤਾਨ ਦੋਸ਼ ਲਾਉਂਦਾ ਰਿਹਾ ਹੈ ਕਿ ਇਨ੍ਹਾਂ ਘਟਨਾਵਾਂ ਵਿਚ ਭਾਰਤ ਦਾ ਹੱਥ ਰਿਹਾ ਹੈ। ਭਾਰਤ ਵਲੋਂ ਇਰਾਨ ਦੀ ਚਾਬਹਾਰ ਬੰਦਰਗਾਹ ਰਾਹੀਂ ਅਫ਼ਗਾਨਿਸਤਾਨ ਨੂੰ ਭਾਰਤ ਵਲੋਂ ਕਣਕ ਸਪਲਾਈ ਕੀਤੇ ਜਾਣ ਬਦਲੇ ਤਾਲਿਬਾਨ ਲੀਡਰਸ਼ਿਪ ਵਲੋਂ ਕੀਤੀ ਜਾ ਰਹੀ ਤਾਰੀਫ਼ ਦਾ ਪਾਕਿਸਤਾਨ ਨੇ ਵੀ ਨੋਟਿਸ ਲਿਆ ਹੈ।

ਪਾਕਿਸਤਾਨ ਨਾਲ ਨਜਿੱਠਦੇ ਹੋਏ ਭਾਰਤ ਨੂੰ ਚੀਨ ਨਾਲ ਲਗਦੀਆਂ ਆਪਣੀਆ ਸਰਹੱਦਾਂ 'ਤੇ ਦਰਪੇਸ਼ ਮੁਸ਼ਕਲਾਂ ਨਾਲੋਂ ਤੋੜ ਕੇ ਨਹੀਂ ਦੇਖਿਆ ਜਾਣਾ ਚਾਹੀਦਾ ਕਿਉਂਕਿ ਪਾਕਿਸਤਾਨ ਚੀਨ ਨੂੰ ਆਪਣਾ 'ਸਦਾਬਹਾਰ ਦੋਸਤ' ਗਿਣਦਾ ਹੈ। ਚੀਨ ਪਾਕਿਸਤਾਨ ਦੀ ਸਮੁੰਦਰੀ ਅਤੇ ਹਵਾਈ ਸੈਨਾ ਨੂੰ ਮਜ਼ਬੂਤ ਕਰਨ ਲਈ ਦ੍ਰਿੜ ਹੈ ਪਰ ਦਿੱਕਤ ਇਹ ਹੈ ਕਿ ਇਸ ਦੀਆਂ ਪੱਛਮੀ ਸਰਹੱਦਾਂ 'ਤੇ ਪਾਕਿਸਤਾਨ ਦੀਵਾਲੀਏਪਣ ਦੇ ਕੰਢੇ 'ਤੇ ਪਹੁੰਚ ਗਿਆ ਹੈ ਜਿਸ ਕਰ ਕੇ ਭਾਰਤ ਨੂੰ ਚੀਨ ਨਾਲ ਲਗਦੀਆਂ ਆਪਣੀਆਂ ਸਰਹੱਦਾਂ 'ਤੇ ਦਰਪੇਸ਼ ਮੁਸ਼ਕਲਾਂ ਨਾਲ ਨਜਿੱਠਣ ਲਈ ਵਧੇਰੇ ਰਣਨੀਤਕ ਸਪੇਸ ਮਿਲ ਰਹੀ ਹੈ। ਵਿਦੇਸ਼ ਮਾਮਲਿਆਂ ਬਾਰੇ ਮੰਤਰੀ ਐਸ ਜੈਸ਼ੰਕਰ ਨੇ ਆਖਿਆ ਹੈ ਕਿ ਚੀਨ ਨਾਲ ਆਮ ਵਰਗੇ ਸਬੰਧ ਉਦੋਂ ਤੱਕ ਬਹਾਲ ਨਹੀਂ ਹੋ ਸਕਦੇ ਜਦੋਂ ਤੱਕ ਚੀਨੀ ਗਲਵਾਨ ਵਾਦੀ ਵਿਚ ਕਬਜ਼ੇ ਹੇਠ ਲਏ ਇਲਾਕਿਆਂ 'ਚੋਂ ਵਾਪਸ ਨਹੀਂ ਚਲੇ ਜਾਂਦੇ। ਇਸੇ ਦੌਰਾਨ, ਭਾਰਤ ਪਿਛਲੇ ਸਾਲ ਅਰੁਣਾਚਲ ਪ੍ਰਦੇਸ਼ ਵਿਚ ਚੀਨ ਦੀ ਘੁਸਪੈਠ ਨੂੰ ਵੀ ਨਜ਼ਰਅੰਦਾਜ਼ ਨਹੀਂ ਕਰ ਸਕਦਾ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਇਸ ਸਾਲ ਜਦੋਂ ਨਵੀਂ ਦਿੱਲੀ ਵਿਚ ਹੋਣ ਵਾਲੀ ਜੀ20 ਸਿਖਰ ਸੰਮੇਲਨ ਵਿਚ ਸ਼ਾਮਲ ਹੋਣ ਆਉਣਗੇ ਤਾਂ ਇਹ ਦੇਖਣਾ ਕਾਫ਼ੀ ਦਿਲਚਸਪ ਹੋਵੇਗਾ ਕਿ ਉਹ ਕਿਹੋ ਜਿਹਾ ਰੁਖ਼ ਅਪਣਾਉਂਦੇ ਹਨ। ਉਨ੍ਹਾਂ ਦੇ ਕਾਰਜਕਾਲ ਦੌਰਾਨ ਭਾਰਤ ਨਾਲ ਸਰਹੱਦੀ ਝੜਪਾਂ ਤੇ ਤਣਾਅ ਕਾਫ਼ੀ ਵਧਿਆ ਹੈ। ਉਨ੍ਹਾਂ ਦੀ ਇਸ ਪਹੁੰਚ ਨਾਲ ਭਾਰਤ ਦਾ ਇਰਾਦਾ ਹੋਰ ਸਖ਼ਤ ਹੋਇਆ ਹੈ ਕਿ ਚੀਨ ਵਲੋਂ ਸਰਹੱਦੀ ਖੇਤਰਾਂ ਵਿਚ ਘੁਸਪੈਠ ਦਾ ਟਾਕਰਾ ਕੀਤਾ ਜਾਵੇ। ਇਸ ਦੇ ਨਾਲ ਹੀ ਭਾਰਤ ਅਤੇ ਅਮਰੀਕਾ ਵਿਚਕਾਰ ਸਹਿਯੋਗ ਵਧ ਰਿਹਾ ਹੈ ਤਾਂ ਕਿ ਹਿੰਦ ਪ੍ਰਸ਼ਾਂਤ ਖਿੱਤੇ ਅੰਦਰ ਚੀਨ ਦੀ ਫ਼ੌਜੀ ਤਾਕਤ ਦਾ ਸਾਹਮਣਾ ਕੀਤਾ ਜਾ ਸਕੇ। ਅਮਰੀਕਾ ਦੇ ਰੱਖਿਆ ਮੰਤਰੀ ਲਾਇਡ ਆਸਟਿਨ ਦੇ ਹਾਲੀਆ ਭਾਰਤ ਦੌਰੇ ਅਤੇ ਪ੍ਰਧਾਨ ਮੰਤਰੀ ਨਰਿੰਦਰ ਦੀ ਹੋਣ ਵਾਲੀ ਵਾਸ਼ਿੰਗਟਨ ਫੇਰੀ ਤੋਂ ਇਹ ਗੱਲ ਸਾਫ਼ ਨਜ਼ਰ ਆ ਰਹੀ ਹੈ।

SUNNYSANGHA • PERSONALREALESTATECORPORATION

**14317 31A AVENUE, SURREY**





Architectural elegance at it's finest; this West Vancouver-inspired property is located within the prestigious Elgin Park Estates neighborhood in South Surrey. This extravagant home portrays the unique blend of timeless sophistication and secluded park-style living. Sitting on approximately 14,000 sqft of land, this property offers 6488 sqft of luxurious living space; meticulous by design, it features four opulent bedrooms upstairs and similarly one spacious bedroom on the main floor. The kitchen is equipped with Miele appliances throughout and features a beautiful transparent wine cabinet. Furthermore, the property possesses an abundance of outdoor entertainment space in conjunction with a designated theatre room, gymnasium, games room, and bar. Call now to book your private showing!

**#92 15111 EDMUND DRIVE**




Welcome to Townsend! This beautiful unit is one of the largest in the entire complex, boasting 1,976 sq ft. of living space. Built in 2019 by award-winning builder, Polygon, this beautiful townhome features 4 spacious bedrooms - 3 on the top floor, and 1 on the ground floor as guest quarters, 3.5 bathrooms, as well as a grand main floor which includes a large family room and separate dining area. The guest quarters on the ground floor feature a spacious bedroom and a full bathroom, and a double side-by-side garage. In addition to the double garage, there are an additional two parking spots outside. The home has been exceptionally maintained by its current owners. Call to book your private showing today.

**UNIT 2808 13615 FRASER HWY**




Welcome to King George Hub, built by PCI is one of the most sought-after locations in central Surrey. Move in or Invest in the fastest-growing city in BC. This bright north-facing unit is located in the master-planned community with all of your needs at your doorstep. The unit is finished with laminate flooring, quartz countertops, and wall-to-wall windows for natural light. The unit has one parking, one storage locker, and an already paid-for EV charger.

**LOT B 20444 46A AVENUE, LANGLEY**




9000 sqft lot available to build your dream home in Langley City's one of the best pockets. You can build a 3 story house on a flat rectangular lot. The location is close to all shopping and the newly approved sky train.

**LOT A 33734 MAYFAIR AVENUE, SURREY**

Welcome to Central Abbotsford this brand new three-lot subdivision. The lots will be ready to build in 4-6 months. You can build a 3600sqft home.



Sunny Sangha
604-356-5555

SUNNY SANGHA
Personal Real Estate Corporation

CENTURY 21
Coastal Realty Ltd.

MLS MEDALLION CLUB MEMBER

Ram Johal
604-356-5555



www.sunnysangha.com | info@sunnysangha.com




# ਸਿਹਤ ਲਈ ਲਾਭਦਾਇਕ ਹੈ ਪੈਦਲ ਚੱਲਣਾ



ਪੈਦਲ ਚੱਲਣਾ ਸਧਾਰਨ ਜਿਹੀ ਕਸਰਤ ਹੈ ਪੈਦਲ ਚੱਲਣਾ। ਇਸ ਨੂੰ ਕਰਦੇ ਸਮੇਂ ਤੁਹਾਨੂੰ ਮਜ਼ਾ ਆਏਗਾ ਅਤੇ ਤੁਸੀਂ ਬਹੁਤ ਚੰਗਾ ਮਹਿਸੂਸ ਕਰੋਗੇ। ਪੈਦਲ ਚੱਲਣ ਨਾਲ ਤੁਸੀਂ ਆਪਣੇ ਅੰਦਰ ਬਹੁਤ ਸਾਰੇ ਸਰੀਰਕ ਅਤੇ ਮਾਨਸਿਕ ਸੁਧਾਰ ਮਹਿਸੂਸ ਕਰੋਗੇ ਅਤੇ ਤੁਹਾਡੀ ਸਿਹਤ ਨੂੰ ਵੀ ਫ਼ਾਇਦਾ ਪਹੁੰਚੇਗਾ। ਆਓ, ਜਾਣੀਏ ਪੈਦਲ ਚੱਲਣ ਨਾਲ ਤੁਹਾਨੂੰ ਕੀ-ਕੀ ਲਾਭ ਹੋਣਗੇ।

## ਹੱਡੀਆਂ ਹੁੰਦੀਆਂ ਨੇ ਮਜ਼ਬੂਤ

ਜੇਕਰ ਤੁਸੀਂ ਪੈਦਲ ਚੱਲਦੇ ਹੋ ਤਾਂ ਤੁਹਾਨੂੰ ਆਸਟਿਓਪੋਰੋਸਿਸ ਰੋਗ ਹੋਣ ਦੀ ਸੰਭਾਵਨਾ ਘੱਟ ਹੁੰਦੀ ਹੈ। ਹੱਡਿਆਂ ਦੀ ਮਜ਼ਬੂਤੀ ਇਸ ਗੱਲ ‘ਤੇ ਨਿਰਭਰ ਕਰਦੀ ਹੈ ਕਿ ਤੁਸੀਂ ਕਿੰਨੀ ਕਸਰਤ ਕਰਦੇ ਹੋ ਅਤੇ ਕੀ ਖ਼ੁਰਾਕ ਲੈਂਦੇ ਹੋ। ਪੈਦਲ ਚੱਲਣ ਨਾਲ ਹੱਡਿਆਂ ਦੀ ਮਜ਼ਬੂਤੀ ਵਧਦੀ ਹੈ। ਆਸਟਿਓਪੋਰਿਸਿਸ ਵਧਦੀ ਉਮਰ ਨਾਲ ਹੁੰਦਾ ਹੈ। ਇਸ ਰੋਗ ਨਾਲ ਹੱਡੀਆਂ ਇਨੀਆਂ ਕਮਜ਼ੋਰ ਹੋ ਜਾਂਦੀਆਂ ਹਨ ਕਿ ਹੱਡੀਆਂ ਟੁੱਟਣਾ (ਫ੍ਰੈਕਚਰ) ਹੋਣਾ ਕਿ ਆਮ ਗੱਲ ਹੋ ਜਾਂਦੀ ਹੈ। ਇਕ ਖੋਜ ਅਨੁਸਾਰ ਜਿਹੜੀਆਂ ਮਹਿਲਾਵਾਂ ਆਸਟਿਓਪੋਰੋਸਿਸ ਦੀਆਂ ਸ਼ਿਕਾਰ ਸਨ ਉਨ੍ਹਾਂ ਨੂੰ ਜਦੋਂ ਵਧੇਰੇ ਮਾਤਰਾ ਵਿਚ ਕੈਲਸ਼ੀਅਮ ਦਿੱਤਾ ਗਿਆ ਤਾਂ ਹਫ਼ਤੇ ਵਿਚ ਤਿੰਨ ਦਿਨ 1 ਘੰਟਾ ਹਰ ਰੋਜ਼ ਸੈਰ ਕਰਵਾਈ ਗਈ ਅਤੇ 2 ਸਾਲ ਬਾਦ ਜਦੋਂ ਉਨ੍ਹਾਂ ਦੀਆਂ ਹੱਡੀਆਂ ਦੀ ਜਾਂਚ ਕੀਤੀ ਗਈ ਤਾਂ ਉਨ੍ਹਾਂ ਵਿਚ 6 ਫ਼ੀਸਦੀ ਵਾਧਾ ਪਾਇਆ ਗਿਆ।

## ਵਜ਼ਨ ਘਟਾਉਣ ’ਚ ਕਾਰਗਾਰ

ਪਤਲੇ ਦਿਸਣ ਦੀ ਖ਼ਵਾਹਿਸ਼ ਵਿਚ ਲੋਕ ਆਪਣਾ ਭਾਰ ਕੰਟਰੋਲ ਕਰਨ ਲਈ ਕੀ-ਕੀ ਨਹੀਂ ਕਰਦੇ। ਕਦੇ ਡਾਇਟਿੰਗ ਤੇ ਕਦੇ ਜਿਮ ਜਾਣਾ ਸ਼ੁਰੂ ਕਰਦੇ ਹਨ। ਇਹ ਹੀ ਨਹੀਂ, ਵੱਧ ਭਾਰ ਕਈ ਰੋਗਾਂ ਨੂੰ ਵੀ ਸੱਦਾ ਦਿੰਦਾ ਹੈ, ਇਸ ਲਈ ਭਾਰ ਕੰਟਰੋਲ ਕਰਨਾ ਬਹੁਤ ਜ਼ਰੂਰੀ ਹੁੰਦਾ ਹੈ। 25 ਸਾਲਾਂ ਦੀ ਉਮਰ ਤੋਂ ਬਾਅਦ ਬਦਹਜ਼ਮੀ ਵੀ ਹੋ ਜਾਂਦੀ ਹੈ। ਭਾਰ ਕੰਟਰੋਲ ਕਰਨ ਲਈ ਕੈਲੋਰੀ ਕੰਟਰੋਲ ਦੇ ਨਾਲ-ਨਾਲ ਸਭ ਤੋਂ ਵਧੀਆ ਉਪਾਅ ਹੈ ਪੈਦਲ ਚੱਲਣਾ। ਪੈਦਲ ਚੱਲਣ ਨਾਲ ਮਨੁੱਖ ਫਿਟਨੈੱਸ ਹਾਸਲ ਕਰ ਸਕਦਾ ਹੈ।

## ਜੋੜਾਂ ਦੇ ਦਰਦ ਤੋਂ ਰਾਹਤ

ਜੇਕਰ ਮਾਂਸਪੇਸ਼ੀਆਂ ਅਤੇ ਜੋੜਾਂ ਤੋਂ ਲਗਾਤਾਰ ਕੰਮ ਨਾ ਲਿਆ ਜਾਵੇ ਤਾਂ ਉਨ੍ਹਾਂ ਵਿਚ ਅਕੜਾਅ ਆ ਜਾਂਦਾ ਹੈ ਜਿਸ ਨਾਲ ਜੋੜਾਂ ਵਿਚ ਦਰਦ ਆਦਿ ਵੀ ਹੋ ਸਕਦਾ ਹੈ। ਇਨ੍ਹਾਂ ਸਾਰਿਆਂ ਤੋਂ ਬਚੇ ਰਹਿਣ ਲਈ ਪੈਦਲ ਚੱਲਣਾ ਬਹੁਤ ਹੀ ਲਾਭਕਾਰੀ ਹੈ ਕਿਉਂਕਿ ਇਸ ਨਾਲ ਸਰੀਰ ਦਾ ਲਚਕੀਲਾਪਨ ਬਣਿਆ ਰਹਿੰਦਾ ਹੈ। ਜੋੜਾਂ ਅਤੇ ਮਾਂਸ ਪੇਸ਼ੀਆਂ ਲਈ ਦੌੜਨਾ ਅਤੇ ਐਰੋਬਿਕਸ ਓਨੇ ਫ਼ਾਇਦੇਮੰਦ ਨਹੀਂ ਜਿੰਨਾ ਪੈਦਲ ਚੱਲਣਾ ਹੈ।

## ਸੁੰਦਰ ਦਿਖਣ ਵਿਚ ਸਹਾਇਕ

ਉਮਰ ਵਧਣ ਨਾਲ ਮਾਂਸਪੇਸ਼ੀਆਂ ਕਮਜ਼ੋਰ ਹੁੰਦੀਆਂ ਹਨ ਅਤੇ ਉਨ੍ਹਾਂ ‘ਤੇ ਚਰਬੀ ਵੀ ਘੱਟ ਹੁੰਦੀ ਹੈ ਅਤੇ ਪੈਦਲ ਚੱਲਣ ਨਾਲ ਤੁਹਾਡੀਆਂ ਮਾਸ ਪੇਸ਼ੀਆਂ ਦੀ ਟੋਨਿੰਗ ਹੁੰਦੀ ਹੈ ਅਤੇ ਉਹ ਮਜ਼ਬੂਤ ਬਣਦੀਆਂ ਹਨ, ਖ਼ਾਸ ਕਰਕੇ ਮੁੱਖ ਮਾਂਸ ਪੇਸ਼ੀਆਂ ਜਿਵੇਂ ਮੋਢੇ, ਲੱਤਾਂ, ਪਿੱਠ ਅਤੇ ਬਾਹਵਾਂ ਦੀਆਂ। ਇਸ ਨਾਲ ਖ਼ੂਨ ਦੇ ਦੌਰੇ ਵਿਚ ਵੀ ਸੁਧਾਰ ਹੁੰਦਾ ਹੈ ਜਿਸ ਨਾਲ ਟਿਸ਼ੂ ਲਚਕੀਲੇ ਬਣਦੇ ਹਨ। ਇਹ ਤਾਂ ਸਹੀ ਹੈ ਕਿ ਤੁਸੀਂ ਉਸ ਤਰ੍ਹਾਂ ਸਰੀਰ ਤਾਂ ਨਹੀਂ ਹਾਸਲ ਕਰ ਸਕਦੇ ਜਿਵੇਂ ਕਿ ਟੀਨਏਜ਼ ਵਿਚ ਸੀ ਪਰ ਫਿਰ ਵੀ ਵਧਦੀ ਉਮਰ ਵਿਚ ਤੁਸੀਂ ਪੈਦਲ ਚੱਲ ਕੇ ਫਿੱਟ, ਪਤਲੇ ਅਤੇ ਸਿਹਤਮੰਦ ਸਰੀਰ ਹਾਸਲ ਕਰ ਸਕਦੇ ਹੋ। ਪੈਦਲ ਚੱਲਣ ਨਾਲ ਤੁਹਾਡਾ ਦਿਮਾਗ ਸਹੀ ਕੰਮ ਕਰਦਾ ਹੈ। ਬਹੁਤ ਸਾਰੇ ਕਲਾਕਾਰਾਂ ਅਤੇ ਮਨੋਵਿਗਿਆਨੀਆਂ ਦਾ ਮੰਨਣਾ ਹੈ ਕਿ ਪੈਦਲ ਚੱਲਣਾ ਉਨ੍ਹਾਂ ਨੂੰ ਸਹੀ ਅਤੇ ਰਚਨਾਤਮਿਕ ਸੋਚ ਦਿੰਦਾ ਹੈ। ਇਕ ਖੋਜ ਅਨੁਸਾਰ ਜਿਹੜੇ ਵਿਅਕਤੀ ਹਫ਼ਤੇ ਵਿਚ ਘੱਟ ਤੋਂ ਘੱਟ ਤਿੰਨ ਵਾਰ ਇਕ ਘੰਟਾ ਪੈਦਲ ਚੱਲਦੇ ਹਨ, ਉਨ੍ਹਾਂ ਦੀ ਯਾਦ ਸ਼ਕਤੀ ਉਨ੍ਹਾਂ ਵਿਅਕਤੀਆਂ ਨਾਲੋਂ ਵਧੇਰੇ ਹੁੰਦੀ ਹੈ ਜੋ ਕੋਈ ਵੀ ਕਸਰਤ ਨਹੀਂ ਕਰਦੇ। ਇਸ ਦਾ ਕਾਰਨ ਵਿਗਿਆਨੀਆਂ ਅਨੁਸਾਰ ਆਕਸੀਜਨ ਅਤੇ ਖ਼ੂਨ ਦੇ ਦੌਰੇ ਵਿਚ ਵਾਧਾ ਅਤੇ ਦਿਮਾਗ਼ ਵਿਚ ਕੁਝ ਤਬਦੀਲੀ ਹੋਣਾ ਹੈ ਜੋ ਪੈਦਲ ਚੱਲਣ ਨਾਲ ਹੁੰਦੀ ਹੈ। ਤੁਹਾਡੇ ਦਿਲ ਲਈ ਚੰਗਾ ਹੈ ਪੈਦਲ ਚੱਲਣਾ। ਪੈਦਲ ਚੱਲਣ ਨਾਲ ਤੁਹਾਡਾ ਦਿਲ ਆਪਣਾ ਕੰਮ ਵਧੇਰੇ ਸ਼ਕਤੀ ਨਾਲ ਕਰਦਾ ਹੈ। ਦਿਲ ਜੇਕਰ ਮਜ਼ਬੂਤ ਹੈ ਤਾਂ ਤੁਹਾਡਾ ਸਰੀਰ ਸਿਹਤਮੰਦ ਹੈ ਇਸ ਲਈ ਆਪਣੇ ਦਿਲ ਨੂੰ ਠੀਕ ਰੱਖਣ ਲਈ ਪੈਦਲ ਜ਼ਰੂਰ ਚੱਲੋ।

## ਤਣਾਅ ਦੂਰ ਕਰਦਾ ਹੈ

ਅੱਜ ਕਲ੍ਹ ਹਰ ਵਿਅਕਤੀ ਦਾ ਕੰਮ ਕਾਰ ਏਨਾ ਤਣਾਅ ਪੂਰਨ ਹੋ ਗਿਆ ਹੈ ਕਿ ਉਹ ਹਰ ਸਮੇਂ ਤਣਾਅ ਵਿਚ ਹੀ ਰਹਿੰਦਾ ਹੈ। ਇਸ ਤਣਾਅ ਦਾ ਪ੍ਰਭਾਵ ਵਿਅਕਤੀ ਦੇ ਨਰਵਸ ਸਿਸਟਮ ‘ਤੇ ਪੈਂਦਾ ਹੈ। ਦਿਲ ਦੀ ਗਤੀ ਵਧਣਾ, ਬੀ.ਪੀ. ਵਧਣਾ ਆਦਿ ਇਸੇ ਤਣਾਅ ਦੇ ਕਾਰਨ ਹਨ। ਇਸ ਤਣਾਅ ਤੋਂ ਨਿਪਟਣ ਲਈ ਵੀ ਸਭ ਤੋਂ ਆਸਾਨ ਕਸਰਤ ਹੈ ਪੈਦਲ ਚੱਲਣਾ। ਇਸ ਨਾਲ ਤੁਹਾਡਾ ਤਨ ਹੀ ਨਹੀਂ, ਮਨ ਵੀ ਸਿਹਤਮੰਦ ਰਹਿੰਦਾ ਹੈ। ਜੇਕਰ ਮਨ ਸਿਹਤ ਮੰਦ ਮਹਿਸੂਸ ਕਰਦਾ ਹੈ ਤਾਂ ਤੁਸੀਂ ਤਣਾਅ ਤੋਂ ਛੁਟਕਾਰਾ ਪਾਓਗੇ। ਇਸ ਲਈ ਸ਼ਾਂਤ ਵਾਤਾਵਰਨ ਵਿਚ ਪੈਦਲ ਚੱਲੋ ਅਤੇ ਸ਼ਾਂਤ ਮਨ ਨਾਲ ਕੁਦਰਤ ਦਾ ਅਨੰਦ ਲਵੋ।









# ਗਰਮੀਆਂ ਵਿਚ ਚਮੜੀ ਲਈ ਚੰਗਾ ਹੈ ਦਹੀਂ



### ਦਹੀਂ ਅਤੇ ਟਮਾਟਰ

ਗਰਮੀਆਂ ਵਿਚ ਤੇਜ਼ ਧੁੱਪ ਕਾਰਨ ਚਮੜੀ 'ਤੇ ਟੈਨਿੰਗ ਹੋ ਜਾਂਦੀ ਹੈ। ਇਸ ਟੈਨਿੰਗ ਨੂੰ ਦੂਰ ਕਰਨ ਲਈ ਤੁਸੀਂ ਚਿਹਰੇ 'ਤੇ ਦਹੀਂ ਅਤੇ ਟਮਾਟਰ ਦਾ ਬਣਿਆ ਫੇਸਪੈਕ ਲਗਾ ਸਕਦੇ ਹੋ। ਇਸ ਨਾਲ ਤੁਹਾਡੀ ਰੰਗਤ ਵਿਚ ਨਿਖਾਰ ਆਵੇਗਾ ਅਤੇ ਚਿਹਰਾ ਚਮਕ ਉੱਠੇਗਾ। ਟਮਾਟਰ ਨਾਲ ਚਮੜੀ ਨੂੰ ਵਿਟਾਮਿਨ ਏ, ਕੇ ਅਤੇ ਬੀ ਮਿਲਦਾ ਹੈ। ਇਸ ਦੀ ਵਰਤੋਂ ਨਾਲ ਚਮੜੀ ਦੀ ਟੈਨਿੰਗ ਦੂਰ ਹੁੰਦੀ ਹੈ ਤੇ ਇਹ ਤੇਲ ਵਾਲੀ ਚਮੜੀ ਵਿਚ ਫਾਇਦੇਮੰਦ ਹੁੰਦਾ ਹੈ। ਇਹ ਧੁੱਪ ਦੀਆਂ ਤੇਜ਼ ਕਿਰਨਾਂ ਨਾਲ ਝੁਲਸੀ ਚਮੜੀ ਦੇ ਨਾਲ-ਨਾਲ ਕਿੱਲ ਮੁਹਾਂਸਿਆਂ ਨੂੰ ਵੀ ਦੂਰ ਕਰਨ ਵਿਚ ਵੀ ਅਸਰਦਾਰ ਹੈ। ਟਮਾਟਰ ਦੀ ਵਰਤੋਂ ਚਮੜੀ ਤੋਂ ਝੁਰੜੀਆਂ ਘੱਟ ਕਰਨ ਲਈ ਅਤੇ ਚਮੜੀ ਨੂੰ ਜਵਾਨ ਬਣਾਈ ਰੱਖਣ ਲਈ ਵੀ ਕੀਤੀ ਜਾਂਦੀ ਹੈ। ਦਹੀਂ ਚਮੜੀ ਨੂੰ ਨਮੀ ਦਿੰਦਾ ਹੈ ਅਤੇ ਟਮਾਟਰ ਦੇ ਨਾਲ ਮਿਲਾ ਕੇ ਲਗਾਉਣ ਨਾਲ ਇਹ ਚਮੜੀ ਦੀਆਂ ਮ੍ਰਿਤ ਕੋਸ਼ਿਕਾਵਾਂ ਦਾ ਸਫ਼ਾਇਆ ਕਰ ਦਿੰਦਾ ਹੈ, ਜਿਸ ਨਾਲ ਚਮੜੀ ਚਮਕਦਾਰ ਵੀ ਹੁੰਦੀ ਹੈ। ਦਹੀਂ ਅਤੇ ਟਮਾਟਰ ਨੂੰ ਫੇਸ ਪੈਕ ਬਣਾਉਣ ਲਈ ਇਕ ਟਮਾਟਰ ਪੀਹ ਕੇ ਉਸ ਵਿਚ 2 ਚਮਚ ਦਹੀਂ ਨੂੰ ਚੰਗੀ ਤਰ੍ਹਾਂ ਨਾਲ ਮਿਲਾ ਦਿਓ। ਇਸ ਪੇਸਟ ਨੂੰ ਪੂਰੇ ਚਿਹਰੇ, ਗਰਦਨ ਅਤੇ ਗਲੇ 'ਤੇ ਲਗਾਓ ਅਤੇ 10 ਤੋਂ 15 ਮਿੰਟ ਤੱਕ ਸੁੱਕਣ ਦੇਣ ਤੋਂ ਬਾਅਦ ਠੰਢੇ ਪਾਣੀ ਨਾਲ ਧੋ ਲਓ।



ਇਕ ਚਮਚ ਦਹੀਂ ਵਿਚ ਅੱਧਾ ਚਮਚ ਟਮਾਟਰ ਦਾ ਰਸ ਅਤੇ ਨਿੰਬੂ ਦਾ ਰਸ ਮਿਲਾ ਕੇ ਚਿਹਰੇ ਅਤੇ ਗਰਦਨ 'ਤੇ ਲਗਾਓ। ਫਿਰ 10-15 ਮਿੰਟ ਤੱਕ ਸੁੱਕਣ ਦਿਓ ਤੇ ਬਾਅਦ ਵਿਚ ਚਿਹਰੇ ਨੂੰ ਸਾਦੇ ਪਾਣੀ ਨਾਲ ਧੋ ਲਓ।

ਚਿਹਰੇ 'ਤੇ ਕੁਝ ਦੇਰ ਸਾਬਣ ਦੀ ਵਰਤੋਂ ਕਰਨ ਤੋਂ ਪਰਹੇਜ਼ ਕਰੋ। ਤੁਹਾਡੀ ਚਮੜੀ ਇਕਦਮ ਕੋਮਲ, ਮੁਲਾਇਮ ਅਤੇ ਆਕਰਸ਼ਕ ਹੋ ਜਾਵੇਗੀ।

### ਦਹੀਂ ਤੇ ਖੀਰੇ ਦਾ ਫੇਸਪੈਕ

ਗਰਮੀ ਵਿਚ ਠੰਢਕ ਦੇਣ ਲਈ ਦਹੀਂ ਅਤੇ ਖੀਰੇ ਦਾ ਫੇਸ ਪੈਕ ਕਾਫ਼ੀ ਫਾਇਦੇਮੰਦ ਸਾਬਤ ਹੁੰਦਾ ਹੈ। ਇਸ ਲਈ



ਕੱਚ ਦੇ ਕੌਲੇ ਵਿਚ 3 ਚਮਚ ਦਹੀਂ ਵਿਚ 1 ਖੀਰੇ ਦਾ ਰਸ ਮਿਲਾ ਦਿਓ ਅਤੇ ਇਸ ਦਾ ਚੰਗੀ ਤਰ੍ਹਾਂ ਪੇਸਟ ਬਣਾ ਲਓ। ਇਸ ਮਿਸ਼ਰਨ ਨੂੰ ਆਪਣੇ ਪੂਰੇ ਚਿਹਰੇ 'ਤੇ ਲਗਾ ਲਓ ਅਤੇ ਸੁੱਕਣ 'ਤੇ ਪਾਣੀ ਨਾਲ ਧੋ ਲਓ। ਇਸ ਨਾਲ ਤੁਹਾਡਾ ਚਿਹਰਾ ਚਮਕ ਉੱਠੇਗਾ ਅਤੇ ਚਮੜੀ ਦੀ ਰੰਗਤ ਵਿਚ ਨਿਖਾਰ ਆਵੇਗਾ।

### ਦਹੀਂ ਅਤੇ ਮੇਥੀ ਦਾਣਾ

ਇਸ ਲਈ 1 ਚਮਚ ਦਹੀਂ ਵਿਚ 1 ਚਮਚ ਮੇਥੀ ਦਾਣਾ ਪਾਊਡਰ, ਅੱਧਾ ਚਮਚ ਬਦਾਮ ਦਾ ਤੇਲ ਅਤੇ ਅੱਧਾ ਚਮਚ ਗੁਲਾਬ ਜਲ ਮਿਲਾ ਕੇ ਪੇਸਟ ਤਿਆਰ ਕਰ ਲਓ। ਹੁਣ ਇਸ ਨੂੰ ਚੰਗੀ ਤਰ੍ਹਾਂ ਮਸਾਜ ਕਰਦੇ ਹੋਏ ਚਿਹਰੇ 'ਤੇ ਲਗਾਓ ਅਤੇ ਸੁੱਕਣ ਤੋਂ ਬਾਅਦ ਚਿਹਰੇ ਨੂੰ ਸਾਫ਼ ਪਾਣੀ ਨਾਲ ਧੋ ਲਓ। ਇਸ ਨਾਲ ਤੁਹਾਡਾ ਚਿਹਰਾ ਕੁਦਰਤੀ ਤੌਰ 'ਤੇ ਨਿੱਖਰੇਗਾ ਅਤੇ ਚਮਕਣ ਵੀ ਲੱਗੇਗਾ। ਇਸ ਨਾਲ ਝੁਰੜੀਆਂ ਅਤੇ ਫਾਈਨ ਲਾਇਿਸ ਤੋਂ ਵੀ ਛੁਟਕਾਰਾ ਮਿਲਦਾ ਹੈ।

### ਦਹੀਂ ਅਤੇ ਸ਼ਹਿਦ

ਇਹ ਫੇਸ ਪੈਕ ਚਮੜੀ ਦੀ ਰੰਗਤ ਨਿਖਾਰਨ ਅਤੇ ਇਸ ਨੂੰ ਬੇਦਾਗ਼ ਬਣਾਉਣ ਵਿਚ ਅਹਿਮ ਭੂਮਿਕਾ ਅਦਾ ਕਰਦਾ ਹੈ। ਫੇਸ ਪੈਕ ਬਣਾਉਣ ਲਈ ਬਰਾਬਰ ਮਾਤਰਾ ਵਿਚ ਦਹੀਂ ਅਤੇ ਸ਼ਹਿਦ ਨੂੰ ਮਿਲਾਓ ਅਤੇ ਚਿਹਰੇ 'ਤੇ 15 ਮਿੰਟ ਤੱਕ ਲਗਾ ਕੇ ਰੱਖਣ ਬਾਅਦ ਧੋ ਲਓ।


### ਦਹੀਂ ਅਤੇ ਵੇਸਣ

ਤੇਲ ਦੇ ਪ੍ਰਭਾਵ ਵਾਲੀ ਚਮੜੀ ਲਈ ਇਹ ਫੇਸ ਪੈਕ ਬਿਹਤਰੀਨ ਸਾਬਤ ਹੁੰਦਾ ਹੈ। ਇਸ ਫੇਸ ਪੈਕ ਨੂੰ ਬਣਾਉਣ ਲਈ ਇਕ ਚਮਚ ਵੇਸਣ ਵਿਚ 2 ਚਮਚ ਦਹੀਂ ਲੈ ਕੇ ਮਿਲਾ ਲਓ। ਜਦੋਂ ਪੇਸਟ ਮੁਲਾਇਮ ਹੋ ਜਾਵੇ ਤਾਂ ਇਸ ਨੂੰ ਚਿਹਰੇ 'ਤੇ ਲਗਾ ਲਓ। ਫੇਸ ਪੈਕ ਸੁੱਕ ਜਾਣ ਬਾਅਦ ਚਿਹਰਾ ਧੋ ਲਓ।

ਅੱਧਾ ਚਮਚ ਦਹੀਂ ਅਤੇ ਅੱਧਾ ਚਮਚ ਚੀਨੀ ਨੂੰ ਕੱਚ ਦੇ ਕੌਲੇ ਵਿਚ ਮਿਲਾ ਕੇ ਚਿਹਰੇ 'ਤੇ ਸਕਰੱਬ ਕਰੋ। ਇਸ ਨੂੰ ਤੁਸੀਂ ਹਫਤੇ ਵਿਚ ਦੋ ਵਾਰ ਕਰ ਸਕਦੇ ਹੋ। ਜੇਕਰ ਤੁਹਾਡੀ ਚਮੜੀ ਜ਼ਿਆਦਾ ਤੇਲ ਦੇ ਪ੍ਰਭਾਵ ਵਾਲੀ ਹੈ ਤਾਂ ਦਹੀਂ ਦੇ ਫੇਸ ਪੈਕ ਦੀ ਜ਼ਿਆਦਾ ਵਰਤੋਂ ਨਾ ਕਰੋ।




ਸਪੈਸ਼ਲ ਸੇਲ !
www.dream-carpets.com
dream
carpets
Shaw
FLOORS
Ansonylon
STAINMASTER
CARPET
ClearTouch
from
$1.98 SF
Berber
Installed
Textured Saxony
Installed
from
$2.28 SF
Laminate Floor
8.3mm thick
25 years warranty
Click Do It Yourself
German technology
.99 cent
Commercial Carpet
Starts From
.78 cent
Berber
Starts From
.78 cent
Area Rug (5x8)
Starts From
$68
ਘੱਟ ਕੀਮਤਾਂ ਦੀ
ਗਰੰਟੀ ਕਰਦੇ ਹਾਂ
Where The
Builders Buy!
NEW HOME
SPECIALISTS
NOBODY KNOWS FLOORING
LIKE DREAM CARPETS
SERVING WESTERN CANADA
FOR OVER 38 YEARS
VANCOUVER
815 Terminal Ave.
604-687-5888
Monday to Saturday
9:00-5:30
Sunday 11:00-5:00
Ashok
SURREY / DELTA
8385 - 120th Street
604-572-8788
Monday to Saturday
9:00-5:30
Sunday Closed
Perry
RICHMOND
12180 Bridgeport Rd.
604-273-7888
Monday to Saturday
9:00-5:30
Sunday 11:00-5:00
Butch




ਲੜੀਵਾਰ ਮਹਾਂ ਕਾਵਿ

# ਕਿਸ ਬਿਧ ਲਈ ਆਜ਼ਾਦੀ

ਲੇਖਕ : ਹਰਚੰਦ ਸਿੰਘ ਬਾਗੜੀ



604.721.4363

*(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)*

### ਰੈਜੀਡੈਂਟ ਦਾ ਉੱਤਰ

2074 ਰੈਜੀਡੈਂਟ ਨੇ ਸੁਣ ਕੇ ਗੱਲ ਸਾਰੀ, ਉੱਤਰ ਦਿੱਤਾ ਸੋਚ ਵਿਚਾਰ ਬੇਲੀ।
ਬੇ-ਲੋੜਾ ਡਏ ਨਾ ਡਖਲ ਇਹ, ਕਿਤੇ ਜਾ ਕੇ ਅੰਗਰੇਜ਼ੀ ਸਰਕਾਰ ਬੇਲੀ।
ਥੋਡੀ ਬੇਨਤੀ ਉਟੇ (ਉਤੇ) ਮੈਂ ਘੱਲ ਦੇਨਾ, ਕਰੋ ਅੰਸਰ ਦਾ ਇੰਤਜਾਰ ਬੇਲੀ।
ਹਰਚੰਦ ਸਿੰਘਾ ਮੁੜੇ ਨਿਰਾਸ਼ ਹੋ ਕੇ, ਗਲ ਪਏ ਨਾ ਫੁੱਲਾਂ ਦੇ ਹਾਰ ਬੇਲੀ॥

### ਮਹਾਰਾਜਾ ਰਣਜੀਤ ਸਿੰਘ ਨੇ ਮਾਲਵੇ ਦੇ ਸਰਦਾਰਾਂ ਨਾਲ ਮੁਲਾਕਾਤ ਕਰਨੀ

2075 ਪਤਾ ਲੱਗਾ ਜਦ ਸਰਕਾਰ ਤਾਈਂ, ਅਜੰਟ ਆਪਣਾ ਪਟਿਆਲੇ ਭਿਜਵਾਇਆ ਏ।
ਉਸਨੇ ਆਣਕੇ ਮਿੱਤਰ ਰਾਜਿਆਂ ਨੂੰ, ਸ੍ਰੀ ਅੰਮ੍ਰਿਤਸਰ ਬੁਲਵਾਇਆ ਏ।
ਪਾ ਜੱਫੀਆਂ ਨਾਲ ਪਿਆਰ ਮਿਲੇ, ਕੱਲੇ ਕੱਲੇ ਨੂੰ ਹਿੱਕ ਨਾਲ ਲਾਇਆ ਏ।
ਹਰਚੰਦ ਸਿੰਘਾ ਉਨ੍ਹਾਂ ਦੀ ਗੱਲ ਸੁਣੀ, ਆਪਣੇ ਦਿਲ ਦਾ ਹਾਲ ਸੁਣਾਇਆ ਏ॥

### ਸ਼ੇਰੇ ਪੰਜਾਬ ਨੇ ਆਖਣਾ

2076 ਹੱਥ ਦਿਲ ਤੇ ਧਰ ਸਰਕਾਰ ਆਖੇ, ਤੁਸੀਂ ਮੇਰੇ ਧਰਮ ਦੇ ਵੀਰ ਭਾਈ।
ਰਾਜ-ਭਾਗ ਨੇ ਸਭ ਮਹਿਫ਼ੂਜ ਥੋਡੇ, ਕਿਸ ਗੱਲ ਤੋਂ ਹੋਏ ਦਿਲਗੀਰ ਭਾਈ।
ਦੋ ਵਾਰ ਪਟਿਆਲੇ ਹਾਂ ਹੋ ਆਏ, ਅਸੀਂ ਨੱਪੀ ਨਾ ਕੋਈ ਜਗੀਰ ਭਾਈ।
ਹਰਚੰਦ ਸਿੰਘਾ ਗੈਰ ਤਾਂ ਗੈਰ ਹੁੰਦੇ, ਕਿਸੇ ਹੱਥ ਨਾ ਦਿਉ ਤਕਦੀਰ ਭਾਈ॥
2077 ਇੱਕ ਦੂਜੇ ਦੀ ਬਣ ਕੇ ਧਿਰ ਰਹੀਏ, ਦਸਮੇਸ਼ ਪਿਤਾ ਦੀ ਆਪਾਂ ਸੰਤਾਨ ਸਿੰਘੋ।
ਆਪਾਂ ਪੰਜਾਬ ਤਾਂ ਕਰ ਆਜ਼ਾਦ ਲਿਆ, ਆਜ਼ਾਦ ਕਰਨਾ ਹਿੰਦੁਸਤਾਨ ਸਿੰਘੋ।
ਕੱਠ ਵਿੱਚ ਹੀ ਖੁਦ ਭਗਵਾਨ ਰਹਿੰਦਾ, ਕੱਲੇ ਕੋਲ ਰਹੇ ਨਾ ਤਾਨ ਸਿੰਘੋ।
ਹਰਚੰਦ ਸਿੰਘਾ ਮੈਂ ਸਰੀਰ ਥੋਡਾ, ਅਤੇ ਤੁਸੀਂ ਮੇਰੇ ਹੋ ਜਾਨ ਸਿੰਘੋ॥
2078 ਥਾਂ ਥਾਂ ਤੇ ਦਲ ਨੇ ਦੋਖੀਆਂ ਦੇ, ਨਿੱਤ ਕਰਦੇ ਪਏ ਤਿਆਰੀਆਂ ਨੇ।
ਇੱਕ ਥਾਂ ਨਾ ਅਸੀਂ ਜੇ ਹੋਏ ਕੱਠੇ, ਸਾਨੂੰ ਹੋਣੀਆਂ ਅੰਤ ਖੁਆਰੀਆਂ ਨੇ।
ਖੰਭ ਟੁੱਟੇ ਜਿਹੜੇ ਪੰਛੀਆਂ ਦੇ, ਉਨ੍ਹਾਂ ਲਾਉਣੀਆਂ ਕੀ ਉਡਾਰੀਆਂ ਨੇ।
ਹਰਚੰਦ ਸਿੰਘਾ ਟੁੱਟ ਕੇ ਜੋ ਵਹੀਆਂ, ਉਹ ਕੌਮਾਂ ਅੰਤ ਨੂੰ ਹਾਰੀਆਂ ਨੇ॥
2079 ਇੱਕ ਪਾਸੇ ਧਾੜ ਫਿਰੰਗੀਆਂ ਦੀ, ਦੂਜੇ ਬੰਨੇ ਪਠਾਣ ਅਫਗਾਨ ਬੈਠੇ।
ਸਦੀਆਂ ਬੀਤੀਆਂ ਵਿੱਚ ਗੁਲਾਮੀਆਂ ਦੇ, ਖੋ ਆਪਣਾ ਹਿੰਦੁਸਤਾਨ ਬੈਠੇ।
ਕੌਮਾਂ ਦੋਵੇਂ ਬਲਵਾਨ ਨੇ ਖਾਲਸਾ ਜੀ, ਅਸੀਂ ਹੋ ਕੇ ਬੇ-ਧਿਆਨ ਬੈਠੇ।
ਹਰਚੰਦ ਸਿੰਘਾ ਬਚਦੇ ਖੇਤ ਉਹੀ, ਜਿਸਦੀ ਰਾਖੀ ਜਾ ਕਿਰਸਾਨ ਬੈਠੇ॥

### ਲਖਨੂਰ ਵਿੱਚ ਰਾਜਾ ਸਾਹਿਬ ਸਿੰਘ ਪਟਿਆਲਾ ਅਤੇ ਸ਼ੇਰੇ ਪੰਜਾਬ ਨੂੰ ਬਾਬਾ ਸਾਹਿਬ ਸਿੰਘ ਬੇਦੀ ਨੇ ਪੱਗ ਵੱਟ ਦੋਸਤ ਬਣਾਇਆ

2080 ਇੱਕ ਦੂਜੇ ਦੇ ਉੱਤੇ ਵਿਸ਼ਵਾਸ ਕਰਕੇ, ਪੱਗਾਂ ਆਪਸੀ ਉਨ੍ਹਾਂ ਵਟਾਈਆਂ ਨੇ।
ਸਭ ਭਰਮ-ਭੁਲੇਖੇ ਦੂਰ ਹੋਏ, ਪਈਆਂ ਦੂਰੀਆਂ ਦਿਲੋਂ ਹਟਾਈਆਂ ਨੇ।
ਬੇਦੀ ਸਾਹਿਬ ਸਿੰਘ ਗੁਰਾਂ ਦਾ ਜਸ ਕੀਤਾ, ਜਿਸ ਮੁਸ਼ਕਲਾਂ ਆਣ ਮਿਟਾਈਆਂ ਨੇ।
ਹਰਚੰਦ ਸਿੰਘਾ ਜਦ ਸੀ ਜਾਣ ਲੱਗੇ, ਘੁੱਟ ਘੁੱਟ ਕੇ ਜੱਫੀਆਂ ਪਾਈਆਂ ਨੇ॥

### ਅੰਗਰੇਜ਼ ਮਰਾਠਿਆਂ ਨੂੰ ਕਾਬੂ ਕਰਕੇ ਪੰਜਾਬ ਵੱਲ ਹੋਏ

2081 ਮਰਾਠੇ ਜਿੱਤ ਅੰਗਰੇਜ਼ ਨੇ ਲਏ ਭਾਵੇਂ, ਮਾਲੀ ਤੌਰ ਤੇ ਪਰ ਉਹ ਹਰ ਬੈਠੇ।
ਜੰਗਾਂ-ਯੁੱਧਾਂ ਤੇ ਹੋਇਆ ਖਰਚ ਭਾਰੀ, ਉਹੋ ਖਾਲੀ ਖਜ਼ਾਨੇ ਕਰ ਬੈਠੇ।
ਕਈ ਸਾਲ ਰਮਾਨ ਦੇ ਨਾਲ ਕੱਢੇ, ਲੁੱਟ ਲੁੱਟ ਤਿਜੋਰੀਆਂ ਭਰ ਬੈਠੇ।
ਹਰਚੰਦ ਸਿੰਘਾ ਸ਼ਿਕਾਰ ਦਾ ਭੁਸ ਮਾੜਾ, ਕੁੱਤੇ ਪਾਲ਼ ਸ਼ਿਕਾਰੀ ਨਾ ਘਰ ਬੈਠੇ॥
2082 ਸ਼ਿਕਾਰ ਚੱਲ ਸ਼ਿਕਾਰੀ ਦੇ ਕੋਲ ਆਏ, ਉਹ ਤੇ ਰੱਬ ਦਾ ਸ਼ੁਕਰ ਮਨਾਉਂਦਾ ਏ।
ਖੋਲ ਸੰਗਲੀ ਪਾਲਤੂ ਕੁੱਤਿਆਂ ਨੂੰ, ਪਿੱਛੇ ਝੱਟ ਸ਼ਿਕਾਰ ਦੇ ਪਾਉਂਦਾ ਏ।
ਮਾਸ ਖਾਣਾ ਨਿੱਤ ਦਾ ਕੰਮ ਉਸਦਾ, ਉਹੋ ਸਮਾਂ ਨਾ ਮੂਲ ਗਵਾਉਂਦਾ ਏ।
ਹਰਚੰਦ ਸਿੰਘਾ ਜੋ ਵੀ ਕੰਮ ਆਏ, ਚਾਰਾ ਉਹ ਤੇ ਉਹੀ ਚਲਾਉਂਦਾ ਏ॥
2083 ਸਰਦਾਰ ਚੱਲ ਕੇ ਹੋਣ ਗੁਲਾਮ ਆਏ, ਦਿੱਲੀ ਆਣ ਅਰਜ਼ੀਆਂ ਪਾਈਆਂ ਨੇ।
ਰੈਜੀਡੈਂਟ ਅੰਗਰੇਜ਼ ਨੇ ਕਰ ਕਬਜ਼ੇ, ਵੱਡੇ ਲਾਟ ਦੇ ਕੋਲ ਪੁਚਾਈਆਂਨੇ।
ਲੰਦਨ ਤੀਕ ਖੁਸ਼ੀ ਦੀ ਗੱਲ ਹੋਈ, ਇੱਕ ਦੂਜੇ ਨੂੰ ਦੇਣ ਵਧਾਈਆਂ ਨੇ।
ਹਰਚੰਦ ਸਿੰਘਾ ਖੇਤ ਦੇਹਿ ਗਾਜਰਾਂ ਦਾ, ਰੱਬ ਖੁਰਪੀਆਂ ਵਿੱਚ ਟਿਕਾਈਆਂ ਨੇ॥
2084 ਸਿਰ ਜੋੜ ਕੇ ਬੈਠੇ ਸਿਰਾਂ ਵਾਲੇ, ਉਹ ਆਪਸੀ ਮੀਟਿੰਗਾਂ ਲਾਉਣ ਲੱਗੇ।
ਕਿੱਥੋਂ ਕੰਮ ਪੰਜਾਬ ਦਾ ਸ਼ੁਰੂ ਕਰੀਏ, ਨਕਸ਼ੇ ਟੇਬਲਾਂ ਉੱਤੇ ਵਿਛਾਉਣ ਲੱਗੇ।
ਸੀਮਾ ਫਿਰ ਅੰਗਰੇਜ਼ੀ ਰਾਜ ਵਾਲੀ, ਪੰਜਾਬ ਵੱਲ ਨੂੰ ਉਹ ਵਧਾਉਣ ਲੱਗੇ।
ਨਪੋਲੀਅਨ ਬੋਨਾ ਪਾਰਟ ਹਿੰਦ ਤੇ ਚੜ੍ਹਨ ਵਾਲਾ, ਹਰਚੰਦ ਸਿੰਘਾ ਅਫਵਾਹਾਂ ਉਡਾਉਣ ਲੱਗੇ॥
2085 ਵੱਖ ਦੇਸਾਂ ਨੂੰ ਵੱਖ ਸਫ਼ੀਰ ਭੇਜੇ, ਲਹੌਰ, ਕਾਬਲ ਅਤੇ ਤਹਿਰਾਨ ਭਾਈ।
ਨਪੋਲੀਅਨ ਜੇਤੂ ਸਮਰਾਟ ਫਰਾਂਸ ਦਾ ਸੀ, ਯੂਰਪ ਕੀਤਾ ਜਿਸ ਘਮਸਾਨ ਭਾਈ।
ਅਹਿਦਨਾਮੇ ਕਰਨ ਲਈ ਉਠ ਭੱਜੇ, ਆਈ ਵਿੱਚ ਕੜਿੱਕੀ ਦੇ ਜਾਨ ਭਾਈ।
ਹਰਚੰਦ ਸਿੰਘਾ ਸਾਗਰ ਤਾਂ ਰੋਕ ਰੱਖੇ, ਆਊ ਹੋ ਕੇ ਇਰਾਨ ਅਫ਼ਗਾਨ ਭਾਈ॥
2086 ਚਾਰਲਸ ਮੈਟਕਾਫ ਸਫ਼ੀਰ ਬਣਕੇ, ਉਹ ਵਲ ਲਹੌਰ ਦੇ ਆਇਆ ਜੀ।
ਖੇਮ ਕਰਨ (ਕਸੂਰ) ਸਰਕਾਰ ਦੇ ਕੋਲ ਆ ਕੇ, ਸੁਨੇਹਾ ਲਾਟ ਦਾ ਆਣ ਸੁਣਾਇਆ ਜੀ।
ਬੋਨਾਪਾਰਟ ਰੂਸ ਨੂੰ ਨਾਲ ਲੈ ਕੇ, ਕਰੂ ਸਭ ਦਾ ਆਣ ਸਫਾਇਆ ਜੀ।
ਹਰਚੰਦ ਸਿੰਘਾ ਉਸਨੂੰ ਮਾਰਨੇ ਦਾ, ਪਲੈਨ ਅੰਗਰੇਜ਼ ਨੇ ਬੈਠ ਬਣਾਇਆ ਜੀ॥
2087 ਮਹਾਰਾਜ ਨੇ ਲਾ ਦਰਬਾਰ ਆਪਣਾ, ਗੱਲ ਸੁਣੀ ਲਾ ਕੇ ਕੰਨ ਬੇਲੀ।
ਅਹਿਦਨਾਮਾ ਅੱਗੇ ਰੱਖਿਆ ਜੋ, ਉਹ ਭਾਇਆ ਨਾ ਕਿਸੇ ਦੇ ਮਨ ਬੇਲੀ।
ਮੈਟਕਾਫ ਬੜਾ ਹੁਸ਼ਿਆਰ ਬੰਦਾ, ਦਿਨੇ-ਦਿਹਾੜੇ ਲਾਂਵਦਾ ਸੰਨ੍ਹ ਬੇਲੀ।
ਹਰਚੰਦ ਸਿੰਘਾ ਸ਼ੇਰੇ ਪੰਜਾਬ ਤੁਰਿਆ, ਫਰੀਦਕੋਟ ਨੂੰ ਪਲਟਨਾਂ ਬੰਨ੍ਹ ਬੇਲੀ॥
2088 ਮੈਟਕਾਫ਼ ਵੀ ਪਿੱਛੇ ਜਾਂਵਦਾ ਏ, ਪਸ਼ੂ ਨਾਲ ਜਿਉਂ ਜਾਂਵਦੀ ਪੂਛ ਮੀਆਂ।
ਹਰ ਗੱਲ ਨੂੰ ਵੇਖ ਕੇ ਨੋਟ ਕਰਦਾ, ਮਨ ਹੁਜਤੀ ਅੱਖ ਜਸੂਸ ਮੀਆਂ।
ਦੇਵੇ ਕੁੱਝ ਨਾ ਮੰਗੇ ਉਹ ਬਹੁਤਾ, ਮੰਗੇ ਦਾਣੇ ਤੇ ਦੇਵੇ ਫੂਸ ਮੀਆਂ।
ਹਰਚੰਦ ਸਿੰਘਾ ਤੰਗ ਸਰਕਾਰ ਆਈ, ਪਿੱਛੇ ਪਿਆ ਬੰਦਾ ਮਨਹੂਸ ਮੀਆਂ॥
2089 ਫ਼ਰੀਦਕੋਟ ਦਾ ਕੰਮ ਤਮਾਮ ਕਰਕੇ, ਮਲੇਰਕੋਟਲੇ ਨੂੰ ਰੁੱਖ ਸਰਕਾਰ ਕੀਤਾ।
ਅੰਬਾਲੇ ਤੱਕ ਚੱਲ ਸਰਕਾਰ ਗਈ, ਸਿੱਖ ਰਾਜ ਦੇ ਵਿੱਚ ਸ਼ੁਮਾਰ ਕੀਤਾ।
ਸ਼ਾਹਬਾਦ ਜਾ ਕੁੱਝ ਆਰਾਮ ਕੀਤਾ, ਪੈਂਡਾ ਅੱਗੇ ਦਾ ਫਿਰ ਅਖਤਿਆਰ ਕੀਤਾ।
ਚਾਰ ਦਸੰਬਰ ਨੂੰ ਖੁਸ਼ੀ ਦੇ ਲਾ ਡੰਕੇ, ਅੰਮ੍ਰਿਤਸਰ ਜਾ ਨਮਸਕਾਰ ਕੀਤਾ॥

### ਇੱਥੇ ਮਹਾਰਾਜ ਨੂੰ ਗਵਰਨ ਜਨਰਲ ਦੀ ਚਿੱਠੀ ਮਿਲਣੀ

2090 ਚਿੱਠੀ ਮਿਲੀ ਸਰਕਾਰ ਨੂੰ ਲਾਟ ਵਲੋਂ, ਭੇਜੀ ਕਲਕੱਤੇ ਤੋਂ ਉਸ ਲਿਖਾ ਕੇ ਜੀ।
ਅਸੀਂ ਸੂਚਿਤ ਸਰਕਾਰ ਨੂੰ ਕਰਨ ਲੱਗੇ, ਹੱਥ ਦੋਸਤੀ ਵਾਲਾ ਵਧਾ ਕੇ ਜੀ।
ਦਰਖਾਸਤ ਸਾਨੂੰ ਰਾਖੀ ਲਈ ਜੋ ਭੇਜੀ, ਸਾਰੇ ਸਰਦਾਰਾਂ ਨੇ ਸਹੀ ਪਾ ਕੇ ਜੀ।
ਹਰਚੰਦ ਸਿੰਘਾ ਅਸੀਂ ਮਨਜ਼ੂਰ ਕੀਤੀ, ਤਰਸ ਉਨ੍ਹਾਂ ਪਰਿਵਾਰਾਂ ਤੇ ਖਾ ਕੇ ਜੀ॥
2091 ਉਹੋ ਸਾਡੀ ਰਾਖੀ ਦੇ ਹੇਠ ਆਏ, ਅਸੀਂ ਉਨ੍ਹਾਂ ਦੇ ਰੱਖਿਆਕਾਰ ਹੋਏ।
ਉਹ ਅੰਗਰੇਜ਼ੀ ਰਾਜ ਦਾ ਅੰਗ ਬਣੇ, ਆਪਣੀ ਮਰਜ਼ੀ ਨਾਲ ਸ਼ੁਮਾਰ ਹੋਏ।
ਆਪਾਂ ਦੋਸਤਾਂ ਵਾਂਗ ਹੀ ਵਿਚਰਨਾ ਏ, ਪਹਿਲਾਂ ਵਾਂਗ ਹੀ ਵਣਜ ਵਪਾਰ ਹੋਏ।
ਹਰਚੰਦ ਸਿੰਘਾ ਖੁਸ਼ੀ ਦੇ ਨਾਲ ਰਹੀਏ, ਇੱਕ ਦੂਜੇ ਦੇ ਦਿਲੀਂ ਪਿਆਰ ਹੋਏ॥

*(ਬਾਕੀ ਅਗਲੇ ਅੰਕ ਵਿਚ)*

49 YEARS OF EXCELLENCE THE LINK GROUP
PUNJAB LINK
ਪੰਜਾਬ ਲਿੰਕ
North America's Largest Distributed Weekly Newspaper
Published by : Punjab Link Newspaper Ltd.
604-503-5465 (LINK)

PUNJAB LINK SALES TEAM


Rakesh Puri
604-377-4085


Amarjit Singh
778-908-0523


Arya Bhalla
778-788-2429


Hardam S. Maan
604-308-6663


Shashi Madan
604-367-5611

www.punjablinkpaper.com | Email : ads@punjablinkpaper.com | Suite : 201-12732-80th Ave, Surrey B.C. V3W 3A7

ਪੰਜਾਬ ਲਿੰਕ ਵਿੱਚ ਛਪੇ ਕਿਸੇ ਮੈਟਰ ਨਾਲ ਅਦਾਰੇ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

Bank Turndown?
Could be just
what you need!

Quick
Private
Funds

- $10,000 to $1 Million in just 24 Hours
- Up to $5 Million Available



Call today to get started

SANJEEV KATYAL

604.767.5194

Info@katyalmortgage.ca

invis

Canada's Mortgage Experts™

WWW.KATYALMORTGAGE.CA



# ਕਲਾਸੀਫਾਈਡ ਅਤੇ ਮੈਟਰੀਮੋਨੀਅਲ

ਸਿਰਫ $10 ਖਰਚਾ   ਸੰਪਰਕ : ਹਰਦਮ ਸਿੰਘ ਮਾਨ : 604-308-6663

## MATRIMONIALS

### ਲੜਕੀ ਦੀ ਲੋੜ

ਕੈਨੇਡਾ ਵਿੱਚ ਪੀ.ਆਰ. ਜੱਟ ਸਿੱਖ ਲੜਕਾ, ਉਮਰ 35 ਸਾਲ , ਕੱਦ 5‘9“, ਕਲੀਨ ਸ਼ੇਵ, ਲੜਕੇ ਦਾ ਅਪਣਾ ਕਿਚਨ ਕੈਬੀਨਿਟ ਦਾ ਬਿਜਨਸ ਵਾਸਤੇ ਕੈਨੇਡਾ ਪੀਆਰ, ਵਰਕ ਪਰਮਿਟ ਹੋਲਡਰ ਜਾਂ ਸਟੂਡੈਂਟ ਲੜਕੀ ਦੀ ਲੋੜ ਹੈ। ਸੰਪਰਕ-604-710-7593

***************

ਕੈਨੇਡਾ ’ਚ ਰਹਿ ਰਿਹਾ ਪੀ ਆਰ ਜੱਟ ਸਿੱਖ ਸਿੱਧੂ ਲੜਕਾ ਉਮਰ 32 ਸਾਲ, ਕੱਦ 6 ਫੁੱਟ 1 ਇੰਚ ਵਾਸਤੇ ਕੈਨੇਡਾ ਦੀ ਇੰਮੀਗਰਾਂਟ/ਸਿਟੀਜ਼ਨ ਲੜਕੀ ਦੀ ਲੋੜ ਹੈ। ਵਿਜ਼ਟਰ ਜਾਂ ਪੜ੍ਹਾਈ ਲਈ ਆਈ ਲੜਕੀ ਬਾਰੇ ਵੀ ਵਿਚਾਰ ਕੀਤਾ ਜਾ ਸਕਦਾ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ 604-832-2564

***************

ਜੱਟ ਸਿੱਖ ਉਮਰ 24 ਸਾਲ, ਕੱਦ 5 ਫੁੱਟ 6 ਇੰਚ ਜਿਸਨੇ ਇੰਡੀਆ ’ਚ ਪਿਛਲੇ ਸਾਲ Bachelor of Multimedia ਦੀ ਡਿਗਰੀ ਕੀਤਾ ਹੈ। ਮਾ-ਪਿਓ ਡੇਟਲਾ ਬ੍ਰਿਟਿਸ਼ ਕੋਲੋਂਬੀਆ, ਕੈਨੇਡਾ ’ਚ ਪੀ.ਆਰ. ਹਨ। ਇੰਡੀਆ ਅਤੇ ਕੈਨੇਡਾ ’ਚ ਕੋਈ ਪ੍ਰਾਪਰਟੀ ਨਹੀਂ। ਲੜਕਾ ਚੰਗੇ ਸੁਭਾਅ ਦੇ ਨਾਲ ਨਾਲ Non-Drinker ਵੀ ਹੈ। ਹੋਰ ਜਾਣਕਾਰੀ ਲਈ ਸੰਪਰਕ ਨੰਬਰ **604-347-5271**

***************

ਜੱਟ ਸਿੱਖ ਚਾਹਲ ਉਮਰ 23 ਸਾਲ, ਕੱਦ 6'1", 12ਵੀਂ ਪਾਸ, ਹੈਵੀ ਡਰਾਈਵਿੰਗ ਲਾਇਸੰਸ ਹੋਲਡਰ, ਇੰਡੀਆ ਵਿਚ ਆਪਣਾ ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਵੱਡੀ ਭੈਣ ਹੈ ਜੋ ਕੈਨੇਡਾ ਵਿਚ ਸੈਟਲ ਹੈ। ਚਾਹਵਾਨ ਸੰਪਰਕ ਕਰਨ- 604-842-4990, +91-98550-00731 (ਸਿਰਫ ਵਟਸਐਪ)

***************

ਜੱਟ ਸਿੱਖ ਉਮਰ 29 ਸਾਲ, ਕੱਦ 5 ਫੁੱਟ 11 ਇੰਚ, ਗਰੈਜੂਏਟ, ਫੈਮਿਲੀ ਬਿਜਨਸ ਵਿੱਚ ਮੈਨੇਜਰ, ਇੰਡੀਆ‘ ਚ ਰਹਿੰਦੇ ਲੜਕੇ ਲਈ ਕੈਨੇਡਾ ‘ਚ ਸਟਡੀ ਵੀਜਾ ਜਾਂ ਪੀ.ਆਰ. ਲੜਕੀ ਦੀ ਲੋੜ ਹੈ। ਜੇਕਰ ਲੋੜ ਪਵੇ ਤਾਂ ਪੜ੍ਹਾਈ ਦੇ ਖਰਚੇ ਦੀ ਮਦਦ ਵੀ ਕਰ ਸਕਦੇ ਹਾਂ। ਲੜਕੇ ਦੀਆਂ ਦੋ ਭੈਂਣਾ ਵਿੱਚੋ ਇਕ ਕੈਨੇਡਾ ‘ਚ ਪੀ.ਆਰ. ਹੈ। ਚਾਹਵਾਨ ਸਪੰਰਕ ਕਰੋ-ਫੋਨ ਨੰਬਰ 77837 89444

***************

ਜੱਟ ਸਿੱਖ ਬਰਾੜ ਲੜਕਾ ਕਨੇਡੀਅਨ ਸਿਟੀਜ਼ਨ, ਉਮਰ 28, ਕੱਦ 6’ ਲਈ ਕੈਨੇਡੀਅਨ ਸਿਟੀਜ਼ਨ / ਵਿਜ਼ੀਟਰ / ਸਟੱਡੀ ਵੀਜ਼ਾ ਲੜਕੀ ਦੀ ਲੋੜ ਹੈ। ਵੈਨਕੋਵਰ ਅਤੇ ਕੈਲਗਰੀ ਨੂੰ ਪਹਿਲ। ਹੋਰ ਜਾਣਕਾਰੀ ਲਈ ਸੰਪਰਕ ਕਰੋ: 604-818-5780

***************

ਜੱਟ ਪਰਿਵਾਰ ਦਾ ਲੜਕਾ ਉਮਰ 30 ਸਾਲ, ਕੱਦ 5'-8" ਨਸ਼ਾ ਰਹਿਤ, ਕਲੀਨ ਸ਼ੇਵ ਅਤੇ ਕਨੇਡੀਅਨ ਸਿੱਟੀਜ਼ਨ ਵਾਸਤੇ ਲੜਕੀ ਦੀ ਲੋੜ ਹੈ। ਪਰਿਵਾਰ ਕੈਨੇਡਾ ਵਿੱਚ ਵਧੀਆ ਸੈਟ ਹੈ। ਵਧੇਰੇ ਜਾਣਕਾਰੀ ਲਈ ਫੋਨ: 604-655-3336 ਜਾਂ
ਈਮੇਲ ਕਰੋ- happy9284@yahoo.com

***************

ਸ਼ਰਮਾ, ਕੈਨੇਡੀਅਨ ਸੀਟੀਜ਼ਨ 48 ਸਾਲਾਂ, 6 ਫੁੱਟ ਲੰਬੇ ਤਲਾਕਸ਼ੁਦਾ ਲਈ ਲੜਕੀ ਦੀ ਲੋੜ ਹੈ। ਤਲਾਕਸ਼ੁਦਾ, ਵਿਧਵਾ, ਬੱਚਿਆ ਦੇ ਨਾਲ, ਵਰਕ ਪਰਮਿਟ, ਵਿਜ਼ਟਰ ਵੀਜ਼ਾ ਵਾਲੇ ਵੀ ਸੰਪਰਕ ਕਰ ਸਕਦੇ ਹਨ। ਧਰਮ-ਜਾਤ ਦਾ ਕੋਈ ਬੰਧਨ ਨਹੀ।
ਫੋਨ ਨੰਬਰ-778-957-1670   July 15

## MATRIMONIALS

### ਲੜਕੇ ਦੀ ਲੋੜ

20 ਸਾਲਾਂ ਤੋਂ ਬੀ ਸੀ ਵਿਚ ਰਹਿ ਰਹੇ ਜੱਟ ਸਿੱਖ ਪਰਿਵਾਰ (ਦੁਆਬਾ ਇਲਾਕਾ) ਨੂੰ ਆਪਣੀ ਕੈਨੇਡੀਅਨ ਸਿਟੀਜ਼ਨ ਬੇਟੀ, ਜਨਮ ਦਸੰਬਰ 1994,ਕੱਦ 5 ਫੁੱਟ 3 ਇੰਚ, BCIT ਤੋਂ 2 YEARS IT DIPLOMA Holder, ਜੌਬ ਕਰ ਰਹੀ ਲਈ, ਬੀ ਸੀ ਲੋਅਰ ਮੇਨਲੈਂਡ ਤੋਂ, ਪੀ ਆਰ ਜਾਂ ਸਿਟੀਜ਼ਨ, ਜੱਟ ਸਿੱਖ 26 ਤੋਂ 29 ਸਾਲਾਂ ਦੇ ਪੜ੍ਹੇ ਲਿਖੇ, ਵੈੱਲ ਸੈਟਲਡ ਅੰਮ੍ਰਿਤਧਾਰੀ ਜੀਵਣ ਸਾਥੀ ਦੀ ਲੋੜ ਹੈ। ੍ਹਦਚਦਨਟ ਫਹੋਟੋ ਅਨਦ ਬੋਦਿਓਟਓ ਲਈ ਮਾਪਿਆਂ ਨਾਲ ਸੰਪਰਕ ਕਰੋ- ਵਟਸਐਪ ਅਤੇ ਕਾਲ : 778-801-9037 **talwanid@hotmial.ca**

***************

ਜੱਟ ਸਿੱਖ ਕਨੇਡੀਅਨ ਸਿਟੀਜ਼ਨ **R.N.** ਹੌਸਪੀਟਲ ਵਿੱਚ ਜੌਬ ਕਰਦੀ ਲੜਕੀ ਉਮਰ 32 ਸਾਲ, ਕੱਦ 5 ਫੁੱਟ 6 ਇੰਚ, ਇਨੋਸੈਂਟਲੀ ਡਿਵੋਰਸੀ ਲਈ ਲੋਅਰ ਮੇਨਲੈਂਡ ਰਹਿੰਦੇ ਪੀ.ਆਰ. ਵੈਲ ਸੈਟਲ ਲੜਕੇ ਦੀ ਲੋੜ ਹੈ।
**Contact: 604-897-1298,**
**Whatsapp Number: 99-156-52029**

***************

INA ਪਰਿਵਾਰ ਵਿਚ ਜੰਮਪਲ, ਜੱਟ ਸਿੱਖ, ੍ਰਪਹਓਨ ਲੜਕੀ, ਉਮਰ 30 ਸਾਲ, ਕੱਦ 5’6”, Rural Landlord, ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਹਮ-ਉਮਰ ਜੱਟ ਸਿੱਖ ਵਰ ਦੀ ਲੋੜ ਹੈ। ਵਿਧਰ/ਤਲਾਕਸ਼ੁਦਾ ਵੀ ਵਿਚਾਰ ਅਧੀਨ। ਸੰਪਰਕ: 778-344-3108

***************

ਜੱਟ ਸਿੱਖ ਪਰਿਵਾਰ ਦੀ 30 ਸਾਲਾਂ 5"-5" ਲੜਕੀ ਲਈ ਪੀ.ਆਰ. ਜਾਂ ਵਰਕ ਪਰਮਿਟ ‘ਤੇ ਆਏ ਲੜਕੇ ਦੀ ਲੋੜ ਹੈ। ਲੜਕੀ ਹੈਲਥ ਕੇਅਰ ਅਸਿਸਟੈਂਟ ਵਜੋ ਕੰਮ ਕਰਦੀ ਹੈ। ਮਾਲਵਾ ਏਰੀਏ ਨੂੰ ਪਹਿਲ। ਸੰਪਰਕ- 604-781-9397

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਜੰਮਪਲ ਲੜਕਾ, ਉਮਰ 30 ਸਾਲ, ਕੱਦ 6’1”, ਹੈਲਥ ਕੇਅਰ ਡਿਪਲੋਮਾ ਹੋਲਡਰ, ਆਪਣਾ ਫੈਮਿਲੀ ਬਿਜ਼ਨਸ, ਵੈੱਲ ਸੈਟਲਡ ਪਰਿਵਾਰ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ. ਪਰਿਵਾਰਕ ਲੜਕੀ ਦੀ ਲੋੜ ਹੈ। ਸੰਪਰਕ- 604-618-1945

***************

### ਲੜਕੀ ਦੀ ਲੋੜ

ਜੱਟ ਸਿੱਖ ਕੈਨੇਡੀਅਨ ਸਿਟੀਜ਼ਨ ਲੜਕਾ, 29 ਸਾਲਾਂ, ਕੱਦ 5 ਫੁੱਟ 7", ਕੈਨੇਡਾ ਪੋਸਟ ‘ਚ ਫੁੱਲ ਟਾਇਮ ਜੌਬ ਕਰਦੇ, ਮੌਰਗੇਜ ਅਡਵਾਈਜ਼ਰ ਲਾਇਸੰਸ ਹੋਲਡਰ ਅਤੇ ਰਿਅਲ ਅਸਟੇਟ ਕੰਪਨੀ ‘ਚ ਪਾਰਟ ਟਾਇਮ ਜੌਬ ਕਰਦੇ, ਨਸ਼ਿਆਂ ਤੋਂ ਰਹਿਤ, ਲੈਂਡਲੋਰਡ,ਅਰਬਨ ਪ੍ਰਾਪਰਟੀ ਅਤੇ ਐਗਰੀਕਲਚਰ ਲੈਂਡ ਦੇ ਮਾਲਕ, ਸਰੀ/ਡੈਲਟਾ ‘ਚ ਆਪਣਾ ਘਰ, ਲਈ ਸੁਦੰਰ, ਸੋਬਰ, ਘਰੇਲੂ, ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਪੀ.ਆਰ ਨੂੰ ਪਹਿਲ। ਸੰਪਰਕ ਕਰੋ- 604-910-3500

***************

ਗੁਰਸਿੱਖ ਲੜਕਾ ਉਮਰ 34 ਸਾਲ ਕੱਦ 5’10” (ਵਰਕਪ੍ਰਮਟ) ਵਾਸਤੇ ਗੁਰਸਿੱਖ ਪੀ ਆਰ(PR) ਜਾਂ ਸਿਟਿਜ਼ਨ ਲੜਕੀ ਦੀ ਲੋੜ। ਸਪੰਰਕ:-778-903-0135

***************

ਇੰਡੀਆ ਵਿਚ HDFC ਬੈਂਕ ਵਿਚ ਸੇਲਜ਼ ਅਫਸਰ ਦੀ ਜੌਬ ਕਰ ਰਹੇ, ਇਲੈਕਟ੍ਰੋਨਿਕਸ ਐਂਡ ਕਮਿਊਨੀਕੇਸ਼ਨ ਡਿਗਰੀ ਹੋਲਡਰ, ਰਾਮਗੜ੍ਹੀਆ ਸਿੱਖ, ਨਸ਼ੇ-ਰਹਿਤ, 26 ਸਾਲਾ, ਕੱਦ 6’2” ਲੜਕੇ ਲਈ ਕੈਨੇਡੀਅਨ ਸਿਟੀਜ਼ਨ/ ਪੀ.ਆਰ./ਵਰਕ ਪਰਮਿਟ ਹੋਲਡਰ ਲੜਕੀ ਦੀ ਲੋੜ ਹੈ। ਲੜਕੇ ਦੇ ਤਾਏ ਦਾ ਪਰਿਵਾਰ ਸਰੀ ਵਿਚ ਸੈਟਲਡ ਹੈ। ਸੰਪਰਕ ਧੰਜਲ ਫੈਮਿਲੀ : 604-761-8454, 778-837-3502

## BUSINESS FOR SALE

ਮਾਲਕ ਦੇ ਰਿਟਾਇਰ ਹੋਣ ਕਰਕੇ ਚੰਗੀ ਤਰ੍ਹਾਂ ਸਥਾਪਿਤ **Concrete Breaking** ਅਤੇ **Coring** ਦਾ ਬਿਜ਼ਨਸ ਵਿਕਾਊ ਹੈ। ਅਸੀਂ ਤੁਹਾਨੂੰ ਟਰੇਨਿੰਗ ਵੀ ਦੇਵਾਂਗੇ। ਚੰਗੇ ਪੈਸੇ ਬਣਾਉਣ ਵਾਲੇ ਇਸ ਬਿਜ਼ਨਸ ਦੀ ਬਹੁਤ ਹੀ ਮੰਗ ਹੈ।
ਸੰਪਰਕ ਕਰੋ: **604-250-7893**

## EMPLOYMENTS

### ਵਰਕਰਾਂ ਦੀ ਲੋੜ

ਸਰੀ ਵਿੱਚ ਇਕ ਡਰਾਈਵਾਲ ਕੰਪਨੀ ਨੂੰ ਨਵੇਂ ਅਤੇ ਤਜਰਬੇਕਾਰ ਵਰਕਰਾਂ ਦੀ ਜਰੂਰਤ ਹੈ। ਤਨਖਾਹ ਤਜਰਬੇ ਅਨੁਸਾਰ 20 ਤੋਂ 26 ਡਾਲਰ ਤੱਕ ਦਿਤੀ ਜਾਵੇਗੀ। ਸਰੀ ਅਤੇ ਡੇਲਟਾ ਤੋਂ ਰਾਈਡ ਦਾ ਪੂਰਾ ਪ੍ਰਬੰਧ ਹੈ।
ਅੱਜ ਹੀ ਸੰਪਰਕ 604-307-7008

### ਇੰਸ਼ੋਰੈਂਸ ਸੇਵਾਵਾਂ

ਕਿਸੇ ਵੀ ਤਰ੍ਹਾਂ ਦੀ ਇੰਸ਼ੋਰੈਂਸ ਦੀਆਂ ਸੇਵਾਵਾਂ ਲਈ ਸੰਪਰਕ ਕਰੋ 604-377-4085

### WORKER REQUIRED

**GALAXY IDP CONSTRUCTION LTD.**

**Full Time Hiring Workers**

Construction painter supervisor (2)
Insulator (2)
Painter (3)
Email: galaxyinsulationdrywall@gmail.com
**Phone: 604-366-6000**
**www.gidl.ca**

### ਲੜਕੀ ਦੀ ਲੋੜ

ਵਿਕਟੋਰੀਆ, (ਬੀ.ਸੀ.) ਵਿਚ ਵੈੱਲ ਸੈਟਲਡ ਅਰੋੜਾ ਪਰਿਵਾਰ ਦਾ ਲੜਕਾ, ਕੱਦ 5’5”, MBA (Canada), ਬੈਂਕ ਵਿੱਚ ਫਾਈਨੈਂਸ਼ਲ ਅਡਵਾਈਜ਼ਰ ਲਈ ਕੈਨੇਡੀਅਨ ਸਿਟੀਜ਼ਨ, ਪੀ.ਆਰ. ਜਾਂ ਵਰਕ ਪਰਮਿਟ ਲੜਕੀ ਦੀ ਲੋੜ ਹੈ।
ਵਟਸਅਪ ਨੰਬਰ ‘ਤੇ ਸੰਪਰਕ ਕਰੋ: +91-88474-09314

### ਵਰ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦੀ ਸੋਹਣੀ ਸੁਨੱਖੀ ਕੈਨੇਡਾ ਦੀ ਜੰਮਪਲ ਲੜਕੀ, ਉਮਰ 34 ਸਾਲ, ਕੱਦ 5'-6", ਲਾਅ ਡਿਗਰੀ, ਲਾਅ ਫਰਮ ਨਾਲ ਕੰਮ ਕਰ ਰਹੀ ਹੈ, ਲਈ ਢੁਕਵੇਂ ਵਰ ਦੀ ਲੋੜ ਹੈ। ਲੜਕਾ ਕੈਨੇਡਾ ਦਾ ਜੰਮਪਲ, ਪੇਸ਼ੇਵਰ ਤੌਰ 'ਤੇ ਪੜ੍ਹਿਆ-ਲਿਖਿਆ ਅਤੇ ਨੌਕਰੀ ਕਰਦਾ, ਵੈੱਲ ਸੈਟਲਡ ਅਤੇ ਜੱਟ ਸਿੱਖ ਪਰਿਵਾਰ ਵਿੱਚੋਂ ਹੋਣਾ ਚਾਹੀਦਾ ਹੈ। ਸੰਪਰਕ ਕਰੋ: 1-604-834-7232 ਜਾਂ 1-604-615-8088

### ਕੰਨਿਆਂ ਦੀ ਲੋੜ

ਜੱਟ ਸਿੱਖ ਗਿੱਲ ਪਰਿਵਾਰ ਦਾ ਕੈਨੇਡਾ ਜੰਮਪਲ ਸੁੰਦਰ ਲੜਕਾ, ਉਮਰ 29 ਸਾਲ, ਕੱਦ 5'-11" ਵੈੱਲ-ਸੈਟਲਡ, ਆਰਕੀਟੈਕਟ ਅਤੇ ਰੀਅਲ ਅਸਟੇਟ ਦਾ ਕਾਰੋਬਾਰ ਕਰ ਰਿਹਾ ਹੈ, ਲਈ ਕੰਨਿਆਂ ਦੀ ਲੋੜ ਹੈ। ਲੜਕੀ ਕੈਨੇਡੀਅਨ ਨਾਗਰਿਕ/ਪੀ.ਆਰ. ਅਤੇ ਪੇਸ਼ੇਵਰ ਤੌਰ 'ਤੇ ਪੜ੍ਹੀ-ਲਿਖੀ ਹੋਣੀ ਚਾਹੀਦੀ ਹੈ। ਸੰਪਰਕ ਕਰੋ: 1-604-832-7232 ਜਾਂ 1 - 604-615-8088

### ਵਰਕਰਾਂ ਦੀ ਲੋੜ

**S K FRAMING** ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਤਜ਼ਰਬੇ ਦੀ ਕੋਈ ਲੋੜ ਨਹੀਂ । ਕੰਮ ਰਿਚਮੰਡ ਵਿਚ ਹੈ। ਸਰੀ ਤੋਂ ਰਾਈਡ ਦਾ ਪ੍ਰਬਧ ਹੈ। ਕੰਮ ਕਰਨ ਲਈ ਅਤੇ ਵਧੇਰੇ ਜਾਣਕਾਰੀ ਲਈ ਫੋਨ ਨੰਬਰ 604-834-7458 ਤੇ ਸੰਪਰਕ ਕਰੋ।

### ਆਫਿਸ ਲਈ ਸਪੇਸ ਕਿਰਾਏ/ਲੀਜ਼ ‘ਤੇ

500 ਫੁੱਟ ਤੋਂ 1000 ਸੁਕੁਏਅਰ ਫੁੱਟ, ਸਕੋਟ ਰੋਡ ‘ਤੇ ਪਰਾਇਮ ਲੋਕੇਸ਼ਨ. ਹੋਰ ਜਾਣਕਾਰੀ ਲਈ ਕਾਲ- 604-339-2389

# ਅੱਖੀਂ ਵੇਖਿਆ ਕੌੜੀ ਪਿੰਡ (ਖੰਨਾ) ਦਾ ਭਿਆਨਕ ਰੇਲ ਹਾਦਸਾ ਤੇ ਪੰਜਾਬੀਆਂ ਦੀ ਨਿਸ਼ਕਾਮ ਸੇਵਾ

ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪਿੰਡ ਪੰਡੋਰੀ ਸਿੱਧਵਾਂ, 9501100062

ਕੁਝ ਦਿਨ ਪਹਿਲਾਂ ਉੜੀਸਾ ਵਿੱਚ ਹੋਏ ਰੇਲ ਹਾਦਸੇ ਵਿੱਚ 280 ਦੇ ਕਰੀਬ ਲੋਕ ਅਣਿਆਈ ਮੌਤ ਮਾਰੇ ਗਏ ਹਨ ਤੇ ਸੈਂਕੜੇ ਹੋਰ ਜ਼ਖਮੀ ਹੋਏ ਹਨ। ਸੋਸ਼ਲ ਮੀਡੀਆ ਵਿੱਚ ਕੁਝ ਵਿਚਲਿਤ ਕਰਨ ਵਾਲੇ ਵੀਡੀਉ ਘੁੰਮ ਰਹੇ ਹਨ, ਜਿਹਨਾਂ ਵਿੱਚ ਇਸ ਹਾਦਸੇ ਕਾਰਨ ਮਾਰੇ ਗਏ ਬਦਨਸੀਬਾਂ ਦੀਆਂ ਲਾਸ਼ਾਂ ਨੂੰ ਜਾਨਵਰਾਂ ਵਾਂਗ ਚੁੱਕ ਚੁੱਕ ਟੈਂਪੂਆਂ ਵਿੱਚ ਸੁੱਟਿਆ ਜਾ ਰਿਹਾ ਹੈ। ਜਦੋਂ ਵੀ ਮੈਂ ਕਦੇ ਰੇਲ ਹਾਦਸਿਆਂ ਬਾਰੇ ਪੜ੍ਹਦਾ ਹਾਂ ਤਾਂ ਮੈਨੂੰ 26 ਨਵੰਬਰ 1998 ਵਾਲੇ ਦਿਨ ਖੰਨੇ ਦੇ ਨਜ਼ਦੀਕ ਹੋਏ ਪੰਜਾਬ ਦੇ ਸਭ ਤੋਂ ਵੱਡੇ ਕੌੜੀ ਰੇਲ ਹਾਦਸੇ ਦੇ ਦ੍ਰਿਸ਼ ਯਾਦ ਆ ਜਾਂਦੇ ਹਨ। ਮੈਂ ਆਪਣੀ ਜ਼ਿੰਦਗੀ ਵਿੱਚ ਕਦੇ ਐਨੀਆਂ ਲਾਸ਼ਾਂ ਅਤੇ ਜ਼ਖਮੀ ਨਹੀਂ ਵੇਖੇ ਤੇ ਨਾ ਹੀ ਅਜਿਹਾ ਭਿਆਨਕ ਹਾਦਸਾ ਵੇਖਿਆ ਹੈ। ਉਸ ਸਮੇਂ ਮੈਂ ਪਾਇਲ ਸਬ ਡਵੀਜ਼ਨ ਵਿੱਚ ਬਤੌਰ ਡੀ.ਐਸ.ਪੀ. ਤਾਇਨਾਤ ਸੀ। ਇਹ ਹਾਦਸਾ ਸਵੇਰੇ ਤਿੰਨ ਵਜੇ ਦੇ ਕਰੀਬ ਹੋਇਆ ਸੀ ਤੇ ਪੁਲਿਸ, ਜੀ ਆਰ ਪੀ, ਰੇਲਵੇ ਅਧਿਕਾਰੀ ਅਤੇ ਸਿਵਲ ਪ੍ਰਸ਼ਾਸ਼ਨ ਸਿਰਫ ਅੱਧੇ ਪੌਣੇ ਘੰਟੇ ਵਿੱਚ ਹੀ ਮੌਕੇ 'ਤੇ ਪਹੁੰਚ ਗਏ ਸਨ। ਉਹ ਖੌਫਨਾਕ ਮੰਜ਼ਰ ਅੱਜ 25 ਸਾਲ ਬੀਤ ਜਾਣ ਤੋਂ ਬਾਅਦ ਵੀ ਉਸੇ ਤਰਾਂ ਮੇਰੀਆਂ ਅੱਖਾਂ ਅੱਗੇ ਘੁੰਮ ਰਿਹਾ ਹੈ। ਰੇਲ ਦੇ ਡੱਬੇ ਇਸ ਤਰਾਂ ਤਬਾਹ ਹੋਏ ਸਨ ਜਿਵੇਂ ਕਿਸੇ ਬੱਚੇ ਨੇ ਗੁੱਸੇ ਵਿੱਚ ਆ ਕੇ ਮਾਚਸ ਦੀ ਡੱਬੀ ਮਰੋੜੀ ਹੋਵੇ। ਇੱਕ ਟਰੇਨ ਦਾ ਇਜਣ ਦੂਸਰੀ ਟਰੇਨ ਦੇ ਡੱਬਿਆਂ ਨੂੰ ਤੋਪ ਦੇ ਗੋਲੇ ਵਾਂਗ ਪਾੜ ਕੇ ਵਿੱਚੋਂ ਦੀ ਲੰਘ ਗਿਆ ਸੀ। ਸੁੱਤੇ ਪਏ ਲੋਕਾਂ ਨੂੰ ਪਤਾ ਹੀ ਨਹੀਂ ਲੱਗਿਆ ਹੋਣਾ ਕਿ ਮੌਤ ਨੇ ਉਹਨਾਂ ਨੂੰ ਆਪਣੇ ਖੂਨੀ ਪੰਜਿਆਂ ਵਿੱਚ ਜਕੜ ਲਿਆ ਹੈ।



ਇਹ ਹਾਦਸਾ ਮਨੁੱਖੀ ਗਲਤੀ ਕਾਰਨ ਸਿਆਲਦਾ ਐਕਸਪ੍ਰੈੱਸ ਦੇ ਫਰੰਟੀਅਰ ਮੇਲ ਦੇ ਲੀਹੋਂ ਲੱਥੇ ਤਿੰਨ ਡੱਬਿਆਂ ਨਾਲ ਟਕਰਾਉਣ ਕਾਰਨ ਹੋਇਆ ਸੀ। ਸਿਆਲਦਾ ਐਕਸਪ੍ਰੈੱਸ ਜੰਮੂ ਤੋਂ ਦਿੱਲੀ ਜਾ ਰਹੀ ਸੀ ਤੇ ਫਰੰਟੀਅਰ ਮੇਲ ਦਿੱਲੀ ਤੋਂ ਲੁਧਿਆਣਾ ਵੱਲ। ਖੰਨੇ ਤੋਂ ਪੰਜ ਕਿ.ਮੀ. ਦੂਰ ਕੌੜੀ ਪਿੰਡ ਦੇ ਨਜ਼ਦੀਕ ਫਰੰਟੀਅਰ ਮੇਲ ਦੇ ਤਿੰਨ ਡੱਬੇ ਠੀਕ ਤਰਾਂ ਨਾਲ ਨਾ ਜੁੜੇ ਹੋਣ ਕਾਰਨ ਟਰੇਨ ਤੋਂ ਵੱਖ ਹੋ ਕੇ ਸਿਆਲਦਾ ਐਕਸਪ੍ਰੈੱਸ ਵਾਲੀ ਪਟੜੀ 'ਤੇ ਜਾ ਡਿੱਗੇ ਸਨ। ਇਸ ਤੋਂ ਪਹਿਲਾਂ ਕਿ ਮੁਸਾਫਰ ਡੱਬਿਆਂ ਵਿੱਚੋਂ ਬਾਹਰ ਨਿਕਲ ਸਕਦੇ, 110 ਕਿ.ਮੀ. ਦੀ ਸਪੀਡ ਨਾਲ ਆ ਰਹੀ ਸਿਆਲਦਾ ਐਕਸਪ੍ਰੈੱਸ ਇਹਨਾਂ ਨਾਲ ਆ ਟਕਰਾਈ ਤੇ ਟਰੈਕ ਤੋਂ ਉੱਤਰ ਕੇ ਬੁਰੀ ਤਰਾਂ ਨਾਲ ਪਲਟੀਆਂ ਖਾ ਗਈ। ਸਿਆਲਦਾ ਦੇ ਚਾਰ ਅਤੇ ਫਰੰਟੀਅਰ ਦੇ ਤਿੰਨ ਡੱਬੇ ਪੂਰੀ ਤਰਾਂ ਤਬਾਹ ਹੋ ਗਏ ਸਨ। ਦੋਵਾਂ ਟਰੇਨਾਂ ਵਿੱਚ ਕਰੀਬ 2500 ਮੁਸਾਫਰ ਸਵਾਰ ਸਨ, ਜਿਹਨਾਂ ਵਿੱਚੋਂ 212 ਮਾਰੇ ਗਏ ਤੇ ਸੈਂਕੜੇ ਜ਼ਖਮੀ ਹੋ ਗਏ। ਹਾਦਸਾ ਐਨਾ ਜ਼ਬਰਦਸਤ ਸੀ ਕਿ ਸਿਆਲਦਾ ਦਾ ਇੰਜਣ ਟੀਨ ਦੇ ਡੱਬੇ ਵਾਂਗ ਮਰੁੰਡਿਆ ਗਿਆ ਸੀ ਤੇ ਡਰਾਈਵਰ ਦੀ ਲਾਸ਼ ਦੇ ਟੁਕੜੇ ਟੁਕੜੇ ਹੋ ਗਏ ਸਨ।

ਇਸ ਦਰਦਨਾਕ ਹਾਦਸੇ ਦਾ ਸਭ ਤੋਂ ਵਰਨਣਯੋਗ ਪੱਖ ਇਸ ਦੁੱਖ ਦੀ ਘੜੀ ਵਿੱਚ ਪੰਜਾਬੀਆਂ ਵੱਲੋਂ ਵਿਖਾਈ ਗਈ ਮਿਸਾਲੀ ਤੇ ਗਾਥਾਮਈ ਸੇਵਾ ਭਾਵਨਾ ਸੀ। ਹਾਦਸੇ ਵਾਲੀ ਜਗ੍ਹਾ ਖੇਤਾਂ ਵਿੱਚ ਹੋਣ ਕਾਰਨ ਬਿਜਲੀ ਦਾ ਕੋਈ ਪ੍ਰਬੰਧ ਨਹੀਂ ਸੀ। ਸਾਰੇ ਪਾਸੇ ਜ਼ਖਮੀਆਂ ਦਾ ਚੀਕ ਚਿਹਾੜਾ ਪਿਆ ਹੋਇਆ ਸੀ ਤੇ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਪਰ ਖਬਰ ਫੈਲਦੇ ਸਾਰ ਦੂਰ ਨੇੜੇ ਦੇ ਪਿੰਡਾਂ ਅਤੇ ਖੰਨੇ ਤੋਂ ਸੈਂਕੜੇ ਲੋਕ ਫੌਰਨ ਮਦਦ ਲਈ ਪਹੁੰਚ ਗਏ। ਰੌਸ਼ਨੀ ਦਾ ਪ੍ਰਬੰਧ ਕਰਨ ਲਈ ਕਿਸਾਨਾਂ ਨੇ ਹਾਦਸੇ ਵਾਲੀ ਥਾਂ ਦੇ ਦੋਵੇਂ ਪਾਸੇ ਦਰਜ਼ਨਾਂ ਟਰੈਕਟਰ ਖੜੇ ਕਰ ਦਿੱਤੇ ਤੇ ਉਹਨਾਂ ਦੀਆਂ ਲਾਈਟਾਂ ਜਗਾ ਕੇ ਦਿਨ ਚੜ੍ਹਾ ਦਿੱਤਾ। ਕਿਸੇ ਨੇ ਡੀਜ਼ਲ ਦੀ ਪ੍ਰਵਾਹ ਨਾ ਕੀਤੀ ਤੇ ਨਾ ਹੀ ਪ੍ਰਸ਼ਾਸ਼ਨ ਕੋਲੋਂ ਮੰਗਿਆ। ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਦਾਨਵੀਰਾਂ ਨੇ ਸੈਂਕੜੇ ਸਟਰੇਚਰ, ਮੰਜੀਆਂ, ਕੰਬਲ ਅਤੇ ਦਵਾਈਆਂ ਪੱਟੀਆਂ ਆਦਿ ਜਰੂਰੀ ਵਸਤਾਂ ਮੌਕੇ 'ਤੇ ਪਹੁੰਚਾ ਦਿੱਤੀਆਂ ਸਨ। ਕਿਸੇ ਵੀ ਵਸਤੂ ਲਈ ਅਧਿਕਾਰੀ ਇੱਕ ਅਵਾਜ਼ ਮਾਰਦੇ ਤਾਂ ਸੌ ਬੰਦਾ ਹਾਜ਼ਰ ਹੋ ਜਾਂਦਾ ਸੀ। ਸੈਂਕੜੇ ਲੋਕ ਸਰਕਾਰੀ ਹਸਪਤਾਲ ਵਿੱਚ ਖੂਨ ਦਾਨ ਕਰਨ ਲਈ ਪਹੁੰਚ ਗਏ ਸਨ। ਰਾਤ ਤੋਂ ਹੀ ਚਾਹ ਪ੍ਰਸ਼ਾਦਿਆਂ ਦਾ ਲੰਗਰ ਚਾਲੂ ਹੋ ਗਿਆ ਸੀ ਤੇ ਲੋਕਾਂ ਨੇ ਪੀੜਤਾਂ ਦੇ ਵਾਰਸਾਂ ਦੇ ਰਹਿਣ ਦਾ ਪ੍ਰਬੰਧ ਕਰਨ ਲਈ ਆਪਣੇ ਘਰਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਸਨ।

ਜਦੋਂ ਦਿੱਲੀ ਤੋਂ ਰੇਲਵੇ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚੇ ਤਾਂ ਲੋਕਾਂ ਵੱਲੋਂ ਕੀਤੇ ਪ੍ਰਬੰਧ ਵੇਖ ਕੇ ਉਹਨਾਂ ਦੀਆਂ ਅੱਖਾਂ ਭਰ ਆਈਆਂ। ਇੱਕ ਅਫਸਰ ਨੇ ਦੱਸਿਆ ਕਿ ਕਈ ਸੂਬੇ ਤਾਂ ਅਜਿਹੇ ਹਨ, ਜਿੱਥੇ ਜੇ ਐਕਸੀਡੈਂਟ ਹੋ ਜਾਵੇ ਤਾਂ ਲੋਕ ਮਦਦ ਕਰਨ ਦੀ ਬਜਾਏ ਮ੍ਰਿਤਕਾਂ ਅਤੇ ਜ਼ਖਮੀਆਂ ਦਾ ਸਮਾਨ ਲੁੱਟਣਾ ਸ਼ੁਰੂ ਕਰ ਦੇਂਦੇ ਹਨ। ਕਾਨੂੰਨੀ ਕਾਰਵਾਈ ਕਰਨ ਤੋਂ ਬਾਅਦ ਸਭ ਤੋਂ ਵੱਡੀ ਮੁਸ਼ਕਿਲ ਲਾਸ਼ਾਂ ਨੂੰ ਉਹਨਾਂ ਦੇ ਪਤੇ ਟਿਕਾਣਿਆਂ 'ਤੇ ਪਹੁੰਚਾਉਣ ਵਿੱਚ ਆਈ ਸੀ। ਮ੍ਰਿਤਕਾਂ ਦੇ ਸਾਰੇ ਵਾਰਸ ਐਨੇ ਅਮੀਰ ਨਹੀਂ ਸਨ ਕਿ ਦਿੱਲੀ ਦੱਖਣ ਤੱਕ ਕਿਰਾਏ ਦੀਆਂ ਗੱਡੀਆਂ ਕਰ ਸਕਦੇ। ਇਥੇ ਫਿਰ ਪੰਜਾਬੀਆਂ ਦੀ ਭਾਈ ਘਨੱਈਆ ਜੀ ਵਾਲੀ ਸੇਵਾ ਭਾਵਨਾ ਸਾਹਮਣੇ ਆਈ। ਖੰਨੇ ਦੇ ਦਾਨੀਆਂ ਨੇ ਭਾਰਤ ਦੇ ਹਰ ਕੋਨੇ ਵਿੱਚ ਲਾਸ਼ਾਂ ਪਹੁੰਚਾਉਣ ਲਈ ਆਪਣੇ ਖਰਚੇ 'ਤੇ ਟੈਕਸੀਆਂ ਕਰ ਕੇ ਦਿੱਤੀਆਂ ਤੇ ਗਰੀਬ ਵਾਰਸਾਂ ਨੂੰ ਰਸਤੇ ਦੇ ਖਰਚੇ ਵਾਸਤੇ ਪੈਸੇ ਵੀ ਦਿੱਤੇ। ਇਸ ਦੌਰਾਨ ਇੱਕ ਬੇਹੱਦ ਘਟੀਆ ਹਰਕਤ ਵੀ ਵਾਪਰੀ ਸੀ। ਜਦੋਂ ਸਾਰੇ ਲੋਕ ਨਿਰਸਵਾਰਥ ਭਾਵਨਾ ਨਾਲ ਬਚਾਅ ਕਾਰਜਾਂ ਵਿੱਚ ਲੱਗੇ ਹੋਏ ਸਨ, ਇੱਕ ਸਰਕਾਰੀ ਕਰਮਚਾਰੀ ਮ੍ਰਿਤਕਾਂ ਦੇ ਗਹਿਣੇ ਅਤੇ ਪੈਸੇ ਚੋਰੀ ਕਰਦਾ ਹੋਇਆ ਰੈੱਡ ਕਰਾਸ ਵਾਲਿਆਂ ਨੇ ਰੰਗੇ ਹੱਥੀਂ ਪਕੜ ਲਿਆ। ਉਸ ਦੀ ਘਟੀਆ ਹਰਕਤ ਕਾਰਨ ਲੋਕਾਂ ਨੇ ਉਸ ਨੂੰ ਰੱਜ ਕੇ ਲਾਹਨਤਾਂ ਪਾਈਆਂ ਤੇ ਕੁੱਟ ਮਾਰ ਕੇ ਉਥੋਂ ਭਜਾ ਦਿੱਤਾ।

ਹੁਣ ਵੀ ਜਦੋਂ ਕਿਸੇ ਰੇਲ ਹਾਦਸੇ ਦੀ ਖਬਰ ਆਉਂਦੀ ਹੈ ਤਾਂ ਮਨ ਉਦਾਸ ਹੋ ਜਾਂਦਾ ਹੈ। ਇਨਸਾਨੀ ਗਲਤੀ ਤੇ ਅਣਗਹਿਲੀ ਕਾਰਨ ਪੂਰੇ ਦੇ ਪੂਰੇ ਪਰਿਵਾਰ ਖਤਮ ਹੋ ਜਾਂਦੇ ਹਨ। ਪਰ ਵਾਰ ਵਾਰ ਹੋ ਰਹੇ ਹਾਦਸਿਆਂ ਦੇ ਬਾਵਜੂਦ ਵੀ ਪਹਿਲਾਂ ਵਾਲੀਆਂ ਗਲਤੀਆਂ ਸੁਧਾਰੀਆਂ ਨਹੀਂ ਜਾ ਰਹੀਆਂ। ਹਾਦਸਿਆਂ ਤੋਂ ਬਾਅਦ ਕੀਤੀਆਂ ਪੜਤਾਲਾਂ ਵਿੱਚ ਭ੍ਰਿਸ਼ਟ, ਨਾਅਹਿਲ ਅਤੇ ਕੰਮਚੋਰ ਸਰਕਾਰੀ ਅਧਿਕਾਰੀਆਂ ਦੀਆਂ ਗਲਤੀਆਂ ਸਾਹਮਣੇ ਆਉਂਦੀਆਂ ਹਨ। ਪਰ ਕੀ ਫਾਇਦਾ, ਮਰਨ ਵਾਲੇ ਤਾਂ ਵਾਪਸ ਨਹੀਂ ਆਉਣੇ। ਇਸ ਲਈ ਚਾਹੀਦਾ ਹੈ ਕਿ ਹਰ ਪੱਧਰ 'ਤੇ ਰੇਲਵੇ ਸਿਸਟਮ ਵਿੱਚ ਸੁਧਾਰ ਲਿਆਦਾ ਜਾਵੇ ਤਾਂ ਜੋ ਅੱਗੇ ਤੋਂ ਅਜਿਹੇ ਹਾਦਸੇ ਨਾ ਵਾਪਰਨ। ਕਿਸੇ ਮੰਤਰੀ ਜਾਂ ਉੱਚ ਅਧਿਕਾਰੀ ਦੇ ਅਸਤੀਫਾ ਦੇਣ ਜਾਂ ਬਰਖਾਸਤ ਕਰਨ ਨਾਲ ਕੋਈ ਫਰਕ ਪੈਣਾ।






# ਤੰਦਰੁਸਤੀ ਲਈ ਹੱਸਣ ’ਚ ਕੰਜੂਸੀ ਨਾ ਕਰੋ



ਮਨੁੱਖੀ ਵਿਹਾਰ ਦਾ ਇਕ ਰੌਚਕ ਪਲ ਹੈ ਹੱਸਣਾ। ਜ਼ਿੰਦਗੀ ਸਿਰਫ਼ ਦਰਦਾਂ ਦਾ ਸਿਲਸਿਲਾ ਅਤੇ ਦਰਦਾਂ ਦੀ ਦਾਸਤਾਨ ਹੀ ਬਣ ਕੇ ਰਹਿ ਜਾਵੇ ਜੇਕਰ ਜ਼ਿੰਦਗੀ ਵਿਚ ਹਾਸਾ ਨਾ ਹੋਵੇ। ਖ਼ੁਸ਼ ਰਹਿਣਾ ਕੁਦਰਤ ਦੀ ਬਹੁਤ ਵੱਡੀ ਦੇਣ ਹੈ। ਮਨੁੱਖ ਨੂੰ ਚਾਹੀਦਾ ਹੈ ਕਿ ਉਹ ਜੀਅ ਭਰ ਕੇ ਹੱਸੇ। ਹੱਸਣ ਦੀ ਇੱਛਾ ਰੱਖਣ ਲਈ ਉਮਰ, ਮਾਹੌਲ ਅਤੇ ਔਰਤ-ਮਰਦ ਦਾ ਕੋਈ ਬੰਧਨ ਨਹੀਂ ਹੈ। ਹਰ ਮਨੁੱਖ ਚਾਹੇ ਉਹ ਮਰਦ ਹੋਵੇ ਜਾਂ ਔਰਤ, ਹੱਸਣਾ ਚਾਹੀਦਾ ਹੈ। ਹੱਸਣਾ ਇਕ ਕਿਰਿਆ ਹੈ ਜਿਸ ਨਾਲ ਸਰੀਰ ਅਤੇ ਦਿਮਾਗ਼ ਨੂੰ ਨਵੀਂ ਸ਼ਕਤੀ ਮਿਲਦੀ ਹੈ। ਹੱਸਣ ਨਾਲ ਕੰਮਜ਼ੋਰ ਨਸਾਂ ਵਿਚ ਵੀ ਸ਼ਕਤੀ ਆ ਜਾਂਦੀ ਹੈ। • ਰਾਸ਼ਟਰ ਪਿਤਾ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ‘ਜੇਕਰ ਮੇਰੇ ਅੰਦਰ ਹੱਸਣ ਦਾ ਭਾਵ ਨਾ ਹੁੰਦਾ ਤਾਂ ਮੈਂ ਬਹੁਤ ਪਹਿਲਾਂ ਹੀ ਆਤਮ-ਹੱਤਿਆ ਕਰ ਲੈਂਦਾ।‘ ਉਹ ਮਨੁੱਖ ਬੜਾ ਹੀ ਕਿਸਮਤ ਵਾਲਾ ਹੁੰਦਾ ਹੈ ਜਿਸ ਨੂੰ ਰੱਬ ਨੇ ਹੱਸਣ ਦਾ ਬੇਸ਼ਕੀਮਤੀ ਵਰਦਾਨ ਦਿੱਤਾ ਹੈ। ਸਾਰੇ ਰਸਾਂ ਵਿਚੋਂ ਹਾਸ ਰਸ ਸਭ ਤੋਂ ਸੌਖਾ ਹੈ। ਇਹ ਮਨੁੱਖੀ ਜੀਵਨ ਦੀ ਲੋੜ ਹੈ। • ਪ੍ਰਸਿੱਧ ਜਾਪਾਨੀ ਕਵੀ ਨਾਗੂਚੀ ਨੇ ਰੱਬ ਤੋਂ ਵਰਦਾਨ ਮੰਗਿਆ ਸੀ ਕਿ ਜਦੋਂ ਜੀਵਨ ਦੇ ਕਿਨਾਰੇ ਦੀ ਹਰਿਆਲੀ ਸੁੱਕ ਗਈ ਹੋਵੇ, ਚਿੜੀਆਂ ਦੀ ਚਹਿਕ ਸ਼ਾਂਤ ਹੋ ਗਈ ਹੋਵੇ, ਸੂਰਜ ਨੂੰ ਗ੍ਰਹਿਣ ਲੱਗ ਗਿਆ ਹੋਵੇ, ਮੇਰੇ ਮਿੱਤਰ ਅਤੇ ਸਾਥੀ ਮੈਨੂੰ ਕੰਡਿਆਂ ਵਿਚ ਇਕੱਲਾ ਛੱਡ ਕੇ ਕਿਤੇ ਚਲੇ ਗਏ ਹੋਣ ਅਤੇ ਪ੍ਰਕਾਸ਼ ਦਾ ਸਾਰਾ ਗੁੱਸਾ ਮੇਰੀ ਕਿਸਮਤ‘ਤੇ ਵਰ੍ਹਣ ਵਾਲਾ ਹੋਵੇ, ਤਾਂ ਹੇ ਭਗਵਾਨ, ਤੂੰ ਇਨੀ ਕਿਰਪਾ ਕਰੀਂ ਕਿ ਮੇਰੇ ਬੁੱਲ੍ਹਾਂ ‘ਤੇ ਹਾਸੇ ਦੀਆਂ ਲਕੀਰਾਂ ਖਿੱਚੀਆਂ ਜਾਣ। • ਹਾਸਾ ਇਕ ਦਵਾਈ ਹੈ ਜੋ ਮਨ ਨੂੰ ਰੋਗ ਮੁਕਤ ਕਰਦਾ ਹੈ ਅਤੇ ਇਸ ਲਈ ਕੁਝ ਖ਼ਰਚ ਵੀ ਨਹੀਂ ਕਰਨਾ ਪੈਂਦਾ। ਖੁੱਲ੍ਹੇ ਮਨ ਨਾਲ ਹੱਸਣ ਵਾਲਾ ਵਿਅਕਤੀ ਕਦੇ ਵੀ ਹਿੰਸਕ ਨਹੀਂ ਹੋ ਸਕਦਾ। ਜਦੋਂ ਹੱਸਣ ਦੇ ਏਨੇ ਲਾਭ ਹਨ ਤਾਂ ਇਸ ਤੋਂ ਪਰਹੇਜ਼ ਕਿਉ ? ਕਿਉਂ ਨਾ ਅਸੀਂ ਸਾਰੇ ਹਰ ਸਮੇਂ ਹੱਸਣ ਦੀ ਆਦਤ ਪਾਈਏ। • ਹਾਸੇ ਅਤੇ ਉਤਸ਼ਾਹ ਦਾ ਨਾਂਅ ਹੀ ਜਵਾਨੀ ਹੈ। ਜਾਰਜ ਬਰਨਾਰਡ ਸ਼ਾਅ ਨੇ ਕਿਹਾ ਹੈ ਕਿ ਹਾਸੇ ਦੇ ਪਿਛੋਕੜ ‘ਤੇ ਹੀ ਜਵਾਨੀ ਦੇ ਫੁੱਲ ਖਿੜਦੇ ਹਨ। ਜ਼ਿੰਦਗੀ ਹੱਸਣ ਅਤੇ ਉਤਸ਼ਾਹਿਤ ਤੋਂ ਬਿਨਾਂ ਜ਼ਿੰਦਾਦਿਲੀ ਗੁਆ ਦਿੰਦੀ ਹੈ। • ਕਿਹਾ ਜਾਂਦਾ ਹੈ ਕਿ ਅਮਰੀਕੀ ਲੋਕ ਬਹੁਤ ਘੱਟ ਹੱਸਦੇ ਹਨ। ਜਾਣਦੇ ਹਾਂ ਅਸੀਂ ਕਿ ਸਭ ਤੋਂ ਵੱਧ ਬੀ.ਪੀ. ਅਤੇ ਦਿਲ ਦੇ ਰੋਗਾਂ ਦੇ ਸ਼ਿਕਾਰ ਅਮਰੀਕੀ ਲੋਕ ਹੀ ਹੁੰਦੇ ਹਨ। • ਲੰਬੀ ਉਮਰ ਹੋਣ ਦਾ ਸਭ ਤੋਂ ਵਧੀਆ ਸਾਧਨ ਹੈ ਹੱਸਮੁਖ ਸੁਭਾਅ। ਕਿਹਾ ਵੀ ਗਿਆ ਹੈ ਕਿ ਹੱਸਦਿਆਂ ਦੇ ਘਰ ਵਸਦੇ। • ਪਰ ਇਹ ਧਿਆਨ ਰੱਖਣਾ ਚਾਹੀਦਾ ਹੈ ਕਿ ਹੱਸਣਾ ਏਨਾ ਮਾੜਾ ਵੀ ਨਾ ਹੋਵੇ ਕਿ ਦੂਜੇ ਦੀ ਨੀਂਦ ਹਰਾਮ ਕਰ ਦੇਵੇ। ਇਹ ਨਾ ਹੋਵੇ ਕਿ ਦੂਸਰੇ ਦੇ ਕੰਮ ਵਿਚ ਅੜਚਨ ਪੈਦਾ ਕਰੇ। ਦੂਜਿਆਂ ਦੇ ਦੁੱਖ ਨੂੰ ਦੇਖ ਕੇ ਵੀ ਨਹੀਂ ਹੱਸਣਾ ਚਾਹੀਦਾ। • ਇਕ ਸੀਮਾ ਵਿਚ ਰਹਿ ਕੇ ਹੱਸਣਾ ਅਤੇ ਉਤਸ਼ਾਹਿਤ ਹੋਣਾ ਰੱਬ ਦਾ ਇਕ ਅਨੋਖਾ ਵਰਦਾਨ ਹੈ। ਇਸ ਵਿਚ ਕੋਈ ਸ਼ੱਕ ਨਹੀਂ।




## ਘਰ ਵਿਚ ਹੀ ਨਕਲੀ ਖਾਣ ਵਾਲੇ ਪਦਾਰਥ ਪਛਾਣੋ



- ਸ਼ੁੱਧ ਸ਼ਹਿਦ ਦੀ ਪਛਾਣ ਇਹ ਹੈ ਕਿ ਇਹ ਅੱਖ ਵਿਚ ਪਾਉਣ ਨਾਲ ਜਲਣ ਪੈਦਾ ਕਰਦਾ ਹੈ ਅਤੇ ਪਾਣੀ ਵਿਚ ਬੈਠ ਜਾਂਦਾ ਹੈ।
- ਆਂਡੇ ਨੂੰ ਰੌਸ਼ਨੀ ਸਾਹਮਣੇ ਦੇਖੋ, ਜੇਕਰ ਅੰਦਰ ਤੋਂ ਕਾਲਾ ਨਜ਼ਰ ਆਵੇ ਤਾਂ ਖ਼ਰਾਬ ਹੈ।
- ਹਿੰਗ ਅੱਗ ‘ਤੇ ਪਾਉਂਦਿਆਂ ਹੀ ਸੁਗੰਧ ਦੇਵੇ ਤਾਂ ਅਸਲੀ ਹੁੰਦੀ ਹੈ।
- ਦੁੱਧ ਭਾਂਡੇ ਨਾਲ ਲੱਗਣ ‘ਤੇ ਨਿਸ਼ਾਨ ਛੱਡੇ ਤਾਂ ਅਸਲੀ ਹੁੰਦਾ ਹੈ। ਟਿੰਕਚਰ ਆਇਓਡੀਨ ਮਿਲਾਉਣ ‘ਤੇ ਸਫ਼ੈਦ ਰਹਿੰਦਾ ਹੈ।



- ਨਕਲੀ ਮਿਰਚ ਨੂੰ ਬਲਾਟਿੰਗ ‘ਤੇ ਰਗੜੋ। ਬਲਾਟਿੰਗ ਲਾਲ ਹੋ ਜਾਵੇਗਾ।
- ਅਸ਼ੁੱਧ ਕੌਫ਼ੀ ਪਾਣੀ ਦੇ ਹੇਠਾਂ ਬੈਠ ਜਾਂਦੀ ਹੈ ਤੇ ਸ਼ੁੱਧ ਕੌਫ਼ੀ ਤੈਰਦੀ ਰਹਿੰਦੀ ਹੈ।
- ਦਾਲਾਂ ਦੀ ਮਿਲਾਵਟ ਦੇਖਣ ਲਈ ਦਾਲ ਵਿਚ ਹਾਈਡ੍ਰੋਕਲੋਰਿਕ ਅਮਲ ਮਿਲਾਓ। ਜੇਕਰ ਦਾਲਾਂ ‘ਤੇ ਰੰਗ ਚੜ੍ਹਿਆ ਹੈ ਤਾਂ ਦਾਲ ਦਾ ਰੰਗ ਲਾਲ ਹੋ ਜਾਵੇਗਾ।
- ਚਾਹ ਵਿਚ ਮਿਲਾਵਟ ਜਾਣਨ ਲਈ ਚਾਹ ਪੱਤੀ ਨੂੰ ਗਿੱਲੇ ਸਫ਼ੈਦ ਕਾਗਜ਼ ‘ਤੇ ਛਿੜਕੋ। ਕਾਗਜ਼ ‘ਤੇ ਰੰਗ ਮਿਲੀ ਚਾਹ ਦਾ ਰੰਗ ਲਗ ਜਾਵੇਗਾ।
- ਨਕਲੀ ਕੌਫ਼ੀ ਪਾਣੀ ਦੇ ਗਿਲਾਸ ਦੇ ਥੱਲੇ ‘ਤੇ ਬੈਠ ਜਾਂਦੀ ਹੈ ਜਦ ਕਿ ਅਸਲੀ ਕੌਫ਼ੀ ਪਾਣੀ ਵਿਚ ਘੁਲ ਜਾਂਦੀ ਹੈ।
- ਸੂਜੀ ਵਿਚ ਚੁੰਬਕ ਘੁਮਾਓ। ਮਿਲੇ ਲੋਹੇ ਦੇ ਕਣ ਨਾਲ ਚਿੰਬੜ ਜਾਣਗੇ।

# ਗੁਰਦੁਆਰਾ ਸਾਹਿਬ ਸੁਖ ਸਾਗਰ

# 347 Wood Street New Westminster BC.
Ph. : 604 521 3111, Fax: 604-521-4936 EMAIL: INFO@SUKHSAGAR.CA WWW.SUKHSAGAR.CA

ਸ਼ਹੀਦਾਂ ਦੇ ਸਰਤਾਜ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ
ਮਹਾਰਾਜ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ



# 25 ਜੂਨ ਨੂੰ
# ਨਗਰ ਕੀਰਤਨ
# NAGAR KIRTAN

**SUNDAY, JUNE 25TH @ 9AM**

AT QUEENSBOROUGH COMMUNITY CENTRE:
920 EWEN AVE., NEW WESTMINSTER

ਸਾਰੇ ਗੁਰੂ ਘਰਾਂ ਤੋਂ ਸਵੇਰੇ 9.30 ਵਜੇ ਅਤੇ 11 ਵਜੇ ਨਗਰ ਕੀਰਤਨ ਲਈ ਬੱਸ ਸੇਵਾ ਚੱਲੇਗੀ।

KIRTAN, KATHA, DHADI, SPEACHES, GATKA, KIDS'S WATERPARK & FOOD STALL ALL DAY IN THE PARK

# ਆਤਮ ਰਸ
# ਕੀਰਤਨ ਦਰਬਾਰ 16 ਤੋਂ 25 ਜੂਨ



ਭਾਈ
ਆਤਮਜੋਤ ਸਿੰਘ



ਭਾਈ
ਅਨੰਤਵੀਰ ਸਿੰਘ



ਭਾਈ
ਸੁਖਵਿੰਦਰ ਸਿੰਘ

ਰੋਜ਼ਾਨਾ ਸ਼ਾਮ 7.15 ਵਜੇ ਤੋਂ 9.00 ਵਜੇ ਤੱਕ

@Gurdwara Sahib Sukh Sagar New Westminster B.C. 604 537 8300, 604 521 3111

ਗੁਰੂ ਘਰ ਵਿਖੇ ਪ੍ਰੋਗਰਾਮ ਬੁੱਕ ਕਰਵਾਉਣ ਲਈ ਸੰਪਰਕ ਕਰੋ ਜੀ : 604-521-3111,
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ : 604-537-8300, ਫੈਕਸ : 604-521-4936



# ਕ੍ਰਿਸ਼ਨਾ ਭੱਟ ਤੇ ਵੇਦਾਂਤ ਸ਼ਾਰਦਾ ਵਿਆਹ ਦੇ ਬੰਧਨ 'ਚ ਬੱਝੇ

ਮੁੰਬਈ-ਫਿਲਮਸਾਜ਼ ਵਿਕਰਮ ਭੱਟ ਦੀ ਧੀ ਕ੍ਰਿਸ਼ਨਾ ਭੱਟ ਆਪਣੇ ਪ੍ਰੇਮੀ ਵੇਦਾਂਤ ਸ਼ਾਰਦਾ ਨਾਲ ਬੀਤੀ ਰਾਤ ਮੁੰਬਈ ਵਿੱਚ ਵਿਆਹ ਦੇ



ਬੰਧਨ ਵਿੱਚ ਬੱਝ ਗਈ। ਜੋੜੇ ਨੇ ਪਰਿਵਾਰਕ ਮੈਂਬਰਾਂ ਅਤੇ ਦੋਸਤਾਂ ਦੀ ਹਾਜ਼ਰੀ ਵਿੱਚ ਵਿਆਹ ਦੀਆਂ ਰਸਮਾਂ ਨਿਭਾਈਆਂ। ਵਿਆਹ ਸਮਾਗਮ ਮਹਿੰਦੀ ਅਤੇ ਸੰਗੀਤ ਦੀ ਰਸਮ ਨਾਲ ਸ਼ੁਰੂ ਹੋਏ। ਇਸ ਖ਼ਾਸ ਦਿਨ ਮੌਕੇ ਵੇਦਾਂਤ ਨੇ ਚਿੱਟੇ ਤੇ ਸੁਨਹਿਰੇ ਰੰਗ ਦੀ ਸ਼ੇਰਵਾਨੀ ਪਹਿਨੀ ਹੋਈ ਸੀ। ਇਸੇ ਤਰ੍ਹਾਂ ਕ੍ਰਿਸ਼ਨਾ ਲਾਲ ਰੰਗ ਦੇ ਲਹਿੰਗੇ ਨਾਲ ਸੋਨੇ ਦੇ ਹਾਰ, ਝੁਮਕਿਆਂ, ਮਾਂਗ ਟਿੱਕਾ ਅਤੇ ਚੂੜੀਆਂ ਪਹਿਨੀ ਖ਼ੂਬਸੂਰਤ ਦਿਖਾਈ ਦੇ ਰਹੀ ਸੀ। ਬੌਲੀਵੁੱਡ ਦੀਆਂ ਕਈ ਨਾਮਵਰ ਹਸਤੀਆਂ ਜਿਵੇਂ ਅਦਾਕਾਰ ਆਮਿਰ ਖ਼ਾਨ, ਕੁਨਾਲ ਕਪੂਰ, ਬੋਨੀ ਕਪੂਰ ਅਤੇ ਸੰਨੀ ਲਿਓਨ ਆਪਣੇ ਪਰਿਵਾਰ ਸਮੇਤ ਨਵੀਂ ਵਿਆਹੀ ਜੋੜੀ ਨੂੰ ਆਸ਼ੀਰਵਾਦ ਦੇਣ ਪੁੱਜੀਆਂ। ਇਸੇ ਤਰ੍ਹਾਂ ਬੌਬੀ ਦਿਓਲ, ਰਿਤਿਕ ਰੌਸ਼ਨ ਆਪਣੀ ਪ੍ਰੇਮਿਕਾ ਸਬਾ ਆਜ਼ਾਦ, ਸਾਰਾ ਅਲੀ ਖ਼ਾਨ, ਅਵਿਕਾ ਗੌੜ ਅਤੇ ਮਹੇਸ਼ ਭੱਟ ਆਪਣੀ ਧੀ ਪੂਜਾ ਭੱਟ ਨਾਲ ਵਿਆਹ ਸਮਾਗਮ ਵਿੱਚ ਪੁੱਜੇ। ਕ੍ਰਿਸ਼ਨਾ ਦੀ ਵੇਦਾਂਤ ਨਾਲ ਮੰਗਣੀ ਪਿਛਲੇ ਸਾਲ ਦਸੰਬਰ ਮਹੀਨੇ ਹੋਈ ਸੀ। ਵਿਕਰਮ ਨੇ ਸੋਸ਼ਲ ਮੀਡੀਆ 'ਤੇ ਆਪਣੀ ਖ਼ੁਸ਼ੀ ਜ਼ਾਹਿਰ ਕਰਦਿਆਂ ਲਿਖਿਆ, "ਕੀ ਇਹ ਉਹੀ ਛੋਟੀ ਕੁੜੀ ਹੈ ਜਿਸ ਨੂੰ ਮੈਂ ਚੁੱਕਦਾ ਸੀ... ਕੀ ਇਹ ਉਹੀ ਛੋਟਾ ਲੜਕਾ ਹੈ, ਜੋ ਖੇਡਦਾ ਹੁੰਦਾ ਸੀ? ਮੈਨੂੰ ਨਹੀਂ ਯਾਦ ਉਹ ਕਦੋਂ ਵੱਡੇ ਹੋ ਗਏ... ਕੀ ਇਹ ਕੱਲ੍ਹ ਦੀ ਗੱਲ ਨਹੀਂ ਜਦੋਂ ਉਹ ਛੋਟੇ ਸੀ?" ਕੰਮ ਦੀ ਗੱਲ ਕਰੀਏ ਤਾਂ ਕ੍ਰਿਸ਼ਨਾ ਇੱਕ ਫਿਲਮਸਾਜ਼ ਹੈ ਅਤੇ ਉਸ ਦੇ ਨਿਰਦੇਸ਼ਨ ਹੇਠ ਪ੍ਰਾਜੈਕਟ '1920: ਹੌਰਰ ਆਫ ਦਿ ਹਾਰਟ' 23 ਜੂਨ ਨੂੰ ਸਿਨੇਮਾ ਘਰਾਂ ਵਿੱਚ ਰਿਲੀਜ਼ ਹੋਣ ਲਈ ਤਿਆਰ ਹੈ।

# ਵਿਦਿਆ ਬਾਲਨ ਦੇ ਸਿਨੇ ਜਗਤ ਵਿਚ 18 ਸਾਲ ਮੁਕੰਮਲ

ਮੁੰਬਈ-ਬੌਲੀਵੁੱਡ ਅਦਾਕਾਰਾ ਵਿਦਿਆ ਬਾਲਨ ਦੇ ਸਿਨੇ ਜਗਤ ਵਿੱਚ 18 ਸਾਲ ਮੁਕੰਮਲ ਹੋ ਗਏ ਹਨ। ਅਦਾਕਾਰਾ ਨੇ ਆਪਣੇ ਫਿਲਮੀ ਸਫ਼ਰ ਦਾ ਸਿਹਰਾ ਮਰਹੂਮ ਨਿਰਦੇਸ਼ਕ ਪ੍ਰਦੀਪ ਸਰਕਾਰ ਨੂੰ ਦਿੰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਜਾਣਕਾਰੀ ਅਨੁਸਾਰ ਵਿਦਿਆ ਬਾਲਨ ਦੀ ਪਹਿਲੀ ਫ਼ਿਲਮ 'ਪਰਿਣੀਤਾ' ਦਾ ਨਿਰਦੇਸ਼ਨ ਪ੍ਰਦੀਪ ਸਰਕਾਰ ਨੇ ਕੀਤਾ ਸੀ। ਅਦਾਕਾਰਾ ਨੇ ਇੰਸਟਾਗ੍ਰਾਮ 'ਤੇ ਵੀਡੀਓ ਸਾਂਝੀ ਕਰਦਿਆਂ ਆਖਿਆ,"ਮੈਂ ਤੁਹਾਨੂੰ ਫ਼ਿਲਮ 'ਪਰਿਣੀਤਾ' ਲਈ ਵਿਅਕਤੀਗਤ ਤੌਰ 'ਤੇ ਦੁਬਾਰਾ ਸ਼ੁਕਰੀਆ ਅਦਾ ਨਹੀਂ ਕਹਿ ਸਕਦੀ ਦਾਦਾ। ਅੱਜ 'ਪਰਿਣੀਤਾ' ਨੂੰ ਰਿਲੀਜ਼ ਹੋਇਆਂ 18 ਸਾਲ ਹੋ ਗਏ ਹਨ।" ਅਦਾਕਾਰਾ ਵੱਲੋਂ ਸਾਂਝੀ ਕੀਤੀ ਗਈ ਵੀਡੀਓ ਵਿੱਚ ਫ਼ਿਲਮ ਦੇ ਸੈੱਟ ਦੀ ਝਲਕ ਦਿਖਾਈ ਦਿੰਦੀ ਹੈ। ਇਸ ਵੀਡੀਓ 'ਤੇ ਸਿਨੇ ਜਗਤ ਦੀਆਂ ਹਸਤੀਆਂ ਨੇ ਪ੍ਰਤੀਕਿਰਿਆਵਾਂ ਦਿੱਤੀਆਂ ਹਨ। ਅਦਾਕਾਰਾ ਸਿਆਨੀ ਗੁਪਤਾ ਨੇ ਆਖਿਆ,"ਤੁਸੀ ਬਹੁਤ ਲਾਜਵਾਬ ਹੋ! ਫ਼ਿਲਮ ਵਿੱਚ ਸਭ ਕੁਝ ਸ਼ਾਨਦਾਰ ਅਤੇ ਦਿਲ ਨੂੰ ਛੂਹਣ ਵਾਲਾ ਹੈ! ਦਾਦਾ!" ਅਦਾਕਾਰਾ ਆਦਿਤੀ ਰਾਓ ਹੈਦਰੀ ਨੇ ਆਖਿਆ,"ਬਹੁਤ ਸਾਰਾ ਪਿਆਰ!" ਇਕ ਪ੍ਰਸ਼ੰਸਕ ਨੇ ਆਖਿਆ,"ਇਹ ਫ਼ਿਲਮ ਨਹੀਂ ਸਗੋਂ ਜਜ਼ਬਾਤ ਹਨ।" ਜਾਣਕਾਰੀ ਅਨੁਸਾਰ ਵਿਦਿਆ ਬਾਲਨ ਨੇ ਸਾਲ 2005 ਵਿਚ ਸਿਨੇ ਜਗਤ ਵਿੱਚ ਸਫਰ ਦੇ ਸ਼ੁਰੂ ਤੋਂ ਲੈ ਕੇ ਹੁਣ ਤਕ ਸ਼ਾਨਦਾਰ ਫ਼ਿਲਮਾਂ ਕੀਤੀਆਂ ਹਨ। ਸਾਲ 2014 ਵਿੱਚ ਵਿਦਿਆ ਬਾਲਨ ਨੂੰ ਪਦਮਸ੍ਰੀ ਪੁਰਸਕਾਰ ਨਾਲ ਨਿਵਾਜਿਆ ਗਿਆ ਸੀ।




# ਸ਼ੋਰ ਸਾਈਡ ਫਿਸ਼ ਕੈਨਰੀ



ਸਟੂਡੈਂਟ ਵੀ ਅਪਲਾਈ ਕਰ ਸਕਦੇ ਹਨ।
STUDENTS CAN ALSO APPLY

ਫਿਸ਼ ਕੈਨਰੀ ਵਿੱਚ ਕੰਮ ਕਰਨ ਲਈ ਲੜਕੇ ਲੜਕੀਆਂ ਦੀ ਸਖ਼ਤ ਜ਼ਰੂਰਤ ਹੈ।

- ਕੰਮ ਲਈ ਘਰੋਂ ਲਿਜਾਣ ਅਤੇ ਛੱਡਣ ਦਾ ਪ੍ਰਬੰਧ ਹੈ।
- ਚੰਗੀ ਤਨਖਾਹ ਅਤੇ ਘਰ ਵਰਗਾ ਮਾਹੌਲ।
- ਕੰਮ ਲਗਾਤਾਰ ਦੋ ਸ਼ਿਫਟਾਂ ਵਿੱਚ ਚੱਲ ਰਿਹਾ ਹੈ।

ਅੱਜ ਹੀ ਫੋਨ ਕਰੋ ਅਤੇ ਕੰਮ 'ਤੇ ਜਾਓ।

ਸਾਨੂੰ ਵੈਨ ਚਲਾਉਣ ਲਈ ਕਲਾਸ 4 ਦੇ ਡਰਾਇਵਰਾਂ ਦੀ ਵੀ ਲੋੜ ਹੈ।

PHONE: 604-244-1118
FAX: 604-270-3075

ਫੋਰਕਲਿਫਟ ਡਰਾਈਵਰਾਂ ਦੀ ਲੋੜ ਹੈ।
FORKLIFT DRIVERS NEEDED

# Gold Key INSURANCE

Number 1 in the Community for 25 Years.

Explore Your Options

Home | Condo | Rental | Tenants
Business | CGL Liability | Property
Trucking | Cargo | Fleet |Equipment
Construction | Contractor | Farm
Travel | Super Visa | Medical
Auto | Marine | Motorcycle
and much more..

We guarantee the best Home and Business Insurance prices. Call now mention LINK NEWSPAPER and ask about our special rates, providing multiple quotes fast, saving you hundreds of $$$$.

**TEL : 604 502 0441**

ICBC Online and Delivery available.

ਪੰਜਾਬੀ
ਹਿੰਦੀ

| | | | |
|---|---|---|---|
| **SURREY** (604) 502 - 0441 FAX (604) 502-0417 | 5-8430 128TH ST. SURREY, BC V3W 4G3 | MON-FRI | 8 AM - 8 PM |
| | | SATURDAY | 9 AM - 6 PM |
| | | SUNDAY | 9 AM - 5 PM |
| **VANCOUVER** (604) 325 - 1241 FAX (604) 325-1414 | 4038 KNIGHT ST. VANCOUVER, BC V5N 5Y7 | MON-FRI | 9 AM - 8 PM |
| | | SATURDAY | 9 AM - 5 PM |
| | | SUNDAY | 9 AM - 5 PM |

ICBC autoplan

**OPEN 7 DAYS**

www.goldkeyinsurance.ca


Rajan MANGOES
NOW AVAILABLE ONLY AT
fruiticana
SINCE 1994
fruiticana hee jaana!
LOWEST PRICES IN TOWN
EXTRA EXTRA SUPER SPECIAL
Available Only at Fruiticana
Rajan Haden or Ataulfo Mangoes 4 kg
ਰਾਜਨ ਅੰਬ ਹੈਡਨ ਅਤੇ ਅਟੈਲਫੋਂ
$15.99 box
EXTRA SUPER SUPER SPECIAL
Okra Regular or Indian
ਭਿੰਡੀ ਰੋਜਾਨਾ ਅਤੇ ਦੇਸੀ
$2.98 lb
Indian Eggplants
ਦੇਸੀ ਬਤਾਊਂ
$1.88 lb
SUPER SPECIAL
Jumbo Cauliflower Size 9
ਵੱਡਾ ਗੋਬੀ ਦਾ ਫੁੱਲ ਸਾਇਜ਼ ੯
$2.98 ea.
SUPER SPECIAL
Roma & Regular Round Tomatoes
ਰੋਮਾ ਜਾਂ ਗੋਲ ਟਮਾਟਰ
98¢ lb
SUPER SPECIAL
Desi Karela
ਦੇਸੀ ਕਰੇਲਾ
$1.79 lb
Black Chana, Chana Dal & Red Lentil Whole Red Lentil Split 4 lbs (Indican)
ਕਾਲੇ ਛੋਲੇ, ਚਨੇ ਦੀ ਦਾਲ, ਮਸਰਾਂ ਦੀ ਸਾਬਤ ਦਾਲ, ਧੋਤੀ ਮਸਰਾਂ ਦੀ ਦਾਲ (ਇੰਡੀਕੈਨ)
$3.98 bag
Zucchini Squash
ਜ਼ੁਕੀਨੀ ਸਕੁਐਸ਼
99¢ lb
SUPER SPECIAL
Cherries
ਚੈਰੀਆਂ
$2.99 lb
SUPER SPECIAL
Seedless Watermelons
ਬਿਨਾਂ ਬੀਜ ਹਦਵਾਣਾ
79¢ lb
SUPER SPECIAL
Red Lentil Whole
ਮਸਰਾ ਦੀ ਸਾਬਤ ਦਾਲ
78¢ lb
Chickpeas
ਚਿੱਟੇ ਛੋਲੇ
99¢ lb
Petha Kadhu
ਪੇਠਾ ਕੱਦੂ
$1.49 lb
Russet Potatoes Snoboy 10 lbs USA #1
ਆਲੂ ਰਸਟ ਸਨੋਬੁਆਏ ਯੂ.ਐਸ. #੧
$5.98 bag
Spinach
ਪਾਲਕ
$1.29 bunch
Fresh Ginger
ਤਾਜ਼ਾ ਅਦਰਕ
$2.89 lb
Almond Oil 1 L (Indican)
ਇੰਡੀਕੈਂਨ ਬਦਾਮ ਦਾ ਤੇਲ
$12.99 bottle
Indican Assam Tea 216's
ਇੰਡੀਕੈਂਨ ਅਸਾਮ ਚਾਹ
$7.99 box
English Cucumbers
ਇੰਗਲਿਸ਼ ਖੀਰੇ
2 for $1.50
Red Delicious Apples USA #1
ਲਾਲ ਸਵਾਦ ਸੇਬ ਯੂ.ਐਸ. #੧
99¢ lb
Pink Lady Apples
ਪੀਂਕ ਲੇਡੀ ਐਪਲ
99¢ lb
Almonds #1
ਬਦਾਮ
$3.98 lb
Rooh Afza Indian 750 ml
ਰੂਹ ਅਫਜ਼ਾ
$3.99 bottle
Rapini (Sarson da Saag)
ਸਰਸੋਂ ਦਾ ਸਾਗ
$2.49 bunch
Summer Squash
ਕੱਦੂ
$1.49 lb
Fresh Tinda
ਤਾਜ਼ੇ ਟੀਂਡੇ
$2.98 lb
Fresh Garlic
ਤਾਜ਼ਾ ਲਸਣ
$1.49 lb
Green Cardamom (Elaichi) FG
ਹਰੀ ਇਲਾਇਚੀ ਐੱਫ ਜੀ
$13.99 lb
Thur June 15, 2023 - Wed June 21, 2023
We reserve the right to limit the quantities while they last
Specials valid for Lower Mainland only
Product images may differ from the actual product.
22 LOCATIONS TO SERVE YOU
Head Office: 7676 Anvil Way, Surrey
604-502-0005
www.fruiticana.com
fruiticana SINCE 1994
BUSINESS HOURS
9 AM - 9 PM
7 DAYS A WEEK
Newton ----------- 13783 72nd Ave. Surrey ---- 604-590-2080
Newton ----------- 13174 64th Ave. Surrey ----- 604-598-9220
Scott Road ------ 12047 80th Ave. Surrey ----- 604-591-5032
Scott Road ------ 104-7028 120th St. ----------- 604-590-8864
Cedar Hills ------ 12867 96th Ave. Surrey ----- 604-588-6620
Fleetwood ------- 101-15933 Fraser Hwy ------ 604-593-5163
Fleetwood ------- 15230 84 Ave. ---------------- 236-317-6272
Surrey------------ 12990 72nd Ave. ------------- 604-503-5510
Surrey ----------- 12788 76A Ave. Surrey ----- 604-597-1676
Surrey ----------- 16788 64 Ave. ---------------- 604-372-2023
Surrey ----------- 101-7228 192St. -------------- 604-575-3750
New Westminster 101-331 6th St. -------------- 604-395-3595
Abbotsford------ 2785 Bourquin Crescent W. 604-744-0328
Abbotsford ------ 31205 Maclure Rd. ----------- 604-504-5877
Port Coquitlam 2807 Shaughnessy St. ------ 604-464-0822
Vancouver ------- 6257 Fraser St. ---------------- 604-321-9931
Richmond-------- 4101 No.5 Rd. ----------------- 604-244-9520